ਦਫ਼ਤਰ ਡਿਪਟੀ ਕਮਿਸ਼ਨਰ ਪੁਲਿਸ, ਜਲੰਧਰ
OFFICE OF DEPUTY COMMISSIONER OF POLICE, JALANDHAR
Ph. 0181-2240431-32
95929-18509
Fax No. 0181-2452446
Email : cpjalandharpolice.gov.in

# ਹੁਕਮ

ਮੇਰੇ ਧਿਆਨ ਵਿੱਚ ਆਇਆ ਹੈ ਕਿ ਕਮਿਸ਼ਨਰੇਟ ਜਲੰਧਰ ਦੀ ਹਦੂਦ ਅੰਦਰ **ਮਕਾਨ ਮਾਲਕਾਂ** ਵੱਲੋਂ ਆਪਣੇ ਮਕਾਨਾਂ ਵਿੱਚ ਅਤੇ ਆਪਣੇ **ਪੀ.ਜੀ. ਵਿੱਚ ਕਿਰਾਏਦਾਰ ਰੱਖਣ** ਸਮੇਂ ਉਹਨਾਂ ਬਾਰੇ ਜਾਂਣਕਾਰੀ/ਇਤਲਾਹ ਨੇੜੇ ਦੇ ਪੁਲਿਸ ਸ਼ਟੇਸ਼ਨ ਵਿੱਚ ਨਹੀਂ ਦਿੱਤੀ ਜਾਂਦੀ। ਇਸਤੋਂ ਇਲਾਵਾ ਆਮ ਲੋਕਾਂ ਦੁਆਰਾ ਘਰਾਂ ਵਿੱਚ ਨੌਕਰ ਅਤੇ ਹੋਰ ਕਾਮੇ ਰੱਖਣ ਸਮੇਂ ਵੀ ਉਹਨਾਂ ਦੀ ਇਤਲਾਹ ਨਜਦੀਕੀ **ਪੰਜਾਬ ਪੁਲਿਸ ਦੇ ਸਾਂਝ ਕੇਂਦਰਾਂ** (PP Saanjh Kendra) ਵਿੱਚ ਨਹੀਂ ਦਿੱਤੀ ਜਾਂਦੀ। ਜਿਸ ਨਾਲ ਇਹਨਾਂ ਵੱਲੋ ਕੋਈ ਜੁਰਮ ਕੀਤੇ ਜਾਂਣ ਦੀ ਸੂਰਤ ਵਿੱਚ ਜਾਂਣਕਾਰੀ ਨਾ ਹੋਣ ਕਾਰਨ ਦੋਸ਼ੀਆਂ ਨੂੰ ਲੱਭਣ ਵਿੱਚ ਔਕੜ ਪੇਸ਼ ਆਉਂਦੀ ਹੈ ਅਤੇ ਆਮ ਲੋਕਾਂ ਦੀ ਜਾਨ-ਮਾਲ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਕਮਿਸ਼ਨਰੇਟ ਜਲੰਧਰ ਦੇ ਇਲਾਕਾ ਵਿੱਚ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਬਹਾਲ ਰੱਖਣ ਲਈ ਇਸ ਸਬੰਧੀ ਹੁਕਮ ਜਾਰੀ ਕੀਤੇ ਜਾਣੇ ਜਰੂਰੀ ਹਨ।

ਇਸ ਲਈ ਮੈਂ **ਅੰਕੁਰ ਗੁਪਤਾ, ਆਈ.ਪੀ.ਐਸ. ਡਿਪਟੀ ਕਮਿਸ਼ਨਰ ਪੁਲਿਸ, ਲਾਅ ਐਂਡ ਆਰਡਰ, ਜਲੰਧਰ** ਜਾਬਤਾ ਫੋਜਦਾਰੀ ਸੰਘਤਾ-1973 ਦੀ ਧਾਰਾ-144 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਪੁਲਿਸ ਕਮਿਸ਼ਨਰੇਟ, ਜਲੰਧਰ ਦੇ ਇਲਾਕਾ ਵਿੱਚ ਅਮਨ ਅਤੇ ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ ਅਤੇ ਆਮ ਜਨਤਾ ਦੀ ਜਾਨ-ਮਾਲ ਦੀ ਰਾਖੀ ਨੂੰ ਯਕੀਨੀ ਬਣਾਉਂਣ ਲਈ ਇਹ ਹੁਕਮ ਜਾਰੀ ਕਰਦਾਂ ਹਾਂ ਕਿ ਮਕਾਨ ਮਾਲਕ ਘਰਾਂ ਵਿੱਚ ਕਿਰਾਏਦਾਰ ਅਤੇ ਪੀ.ਜੀ ਮਾਲਕ, ਪੀ.ਜੀ ਅਤੇ ਇਸਤੋਂ ਇਲਾਵਾ ਆਮ ਲੋਕ ਘਰਾਂ ਵਿੱਚ ਨੌਕਰ ਅਤੇ ਹੋਰ ਕਾਮੇ ਆਪਣੇ ਨੇੜੇ ਦੇ ਪੰਜਾਬ ਪੁਲਿਸ ਦੇ **ਸਾਂਝ ਕੇਂਦਰ** (PP Saanjh Kendra) ਵਿੱਚ ਜਾਣਕਾਰੀ/ਇਤਲਾਹ ਦਿੱਤੇ ਬਿਨਾਂ ਨਹੀਂ ਰੱਖਣਗੇ। ਇਹ ਹੁਕਮ ਮਿਤੀ **14.07.2023 ਤੋਂ 13.10.2023** ਤੱਕ ਲਾਗੂ ਰਹੇਗਾ।

ਮਾਮਲੇ ਦੀ ਤਤਪਰਤਾ ਅਤੇ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ, ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਤ ਕੀਤਾ ਜਾਦਾ ਹੈ।ਇਹ ਹੁਕਮ ਜਿਲ੍ਹਾਂ ਲੋਕ ਸਪੰਰਕ ਅਫਸਰ ਜਲੰਧਰ ਦੀ ਗੱਡੀ ਰਾਂਹੀ ਪ੍ਰਚਾਰ ਕਰਵਾ ਕੇ, ਦਫਤਰ ਕਮਿਸ਼ਨਰ ਪੁਲਿਸ, ਜਲੰਧਰ, ਵਧੀਕ ਡਿਪਟੀ ਕਮਿਸ਼ਨਰ ਪੁਲਿਸ, ਸਹਾਇਕ ਕਮਿਸ਼ਨਰ ਪੁਲਿਸ, ਜਲੰਧਰ ਅਤੇ ਥਾਣਿਆ ਦੇ ਨੋਟਿਸ ਬੋਰਡਾਂ ਤੇ ਨਕਲ ਚਿਪਕਾ ਕੇ ਲਾਗੂ ਕੀਤਾ ਜਾਵੇਗਾ।ਇਹ ਹੁਕਮ ਜਿਲਾ ਲੋਕ ਸੰਪਰਕ ਵਿਭਾਗ ਦੀ ਸਰਕਾਰੀ ਗੱਡੀ/ਪ੍ਰੈਸ/ਰੇਡੀਓ ਰਾਹੀ ਸਮੂਹ ਇਲਾਕਾ ਨਿਵਾਸੀਆਂ ਨੂੰ ਸੂਚਿਤ ਕਰਨਗੇ।

ਇਹ ਹੁਕਮ ਮੇਰੇ ਦਸਤਖਤ ਅਤੇ ਮੋਹਰ ਹੇਠ ਮਿਤੀ **13.07.2023** ਨੂੰ ਕੀਤਾ ਗਿਆ।

Dy. Commissioner of Police
Jalandhar

(ਅੰਕੁਰ ਗੁਪਤਾ), ਆਈ.ਪੀ.ਐਸ.
ਡਿਪਟੀ ਕਮਿਸ਼ਨਰ ਪੁਲਿਸ,
ਲਾਅ ਐਂਡ ਆਰਡਰ, ਜਲੰਧਰ

ਨੰਬਰ 4005-4070 ਸੀ.ਪੀ/ਜਲੰ/ਆਰਮਜ ਮਿਤੀ 13.7.23.

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸੱਕਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਹਿ ਸੱਕਤਰ ਪੰਜਾਬ ਸਰਕਾਰ,ਚੰਡੀਗੜ੍ਹ।
3. ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆ ਵਿਭਾਗ (ਗ੍ਰਹਿ ਸ਼ਾਖਾ-4), ਪੰਜਾਬ ਚੰਡੀਗੜ੍ਹ।
4. ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ।
5. ਵਧੀਕ ਡਾਇਰੈਕਟਰ ਜਨਰਲ ਪੁਲਿਸ, (ਲਾਅ ਅਤੇ ਆਰਡਰ) ਪੰਜਾਬ, ਚੰਡੀਗੜ੍ਹ।
6. ਜਿਲ੍ਹਾ ਅਤੇ ਸ਼ੈਸ਼ਨ ਜੱਜ,ਜਲੰਧਰ।
8. ਡਿਪਟੀ ਕਮਿਸ਼ਨਰ, ਜਲੰਧਰ।
9. ਕਮਿਸ਼ਨਰ ਨਗਰ ਨਿਗਮ,ਜਲੰਧਰ।
10. ਸਮੂਹ ਨਿਗਰਾਨ ਅਫਸਰ ਅਤੇ ਸਮੂਹ ਸਹਾਇਕ ਨਿਗਰਾਨ ਅਫਸਰ
11. ਜਿਲਾ ਲੋਕ ਸੰਪਰਕ ਅਫਸਰ,ਜਲੰਧਰ।
12. ਰੀਡਰ ਕਮਿਸ਼ਨਰ ਪੁਲਿਸ,ਜਲੰਧਰ।
13. ਰੀਡਰ ਡੀ.ਸੀ.ਪੀ.ਅਤੇ ਇੰਨਚਾਰਜ਼ ਕੰਪਿਊਟਰ ਨੂੰ ਵੈਬ ਸਾਈਟ ਅਪਡੇਟ ਕਰਨ ਸਬੰਧੀ।
14. ਇੰਚਾਰਜ ਕੰਟਰੋਲ ਰੂਮ।
15. ਇੰਚਾਰਜ ਸੀ.ਪੀ.ਆਰ.ਸੀ. ਬਰਾਂਚ, ਕਮਿਸ਼ਨਰੇਟ ਜਲੰਧਰ।
16. ਸਮੂਹ ਮੁੱਖ ਅਫਸਰ ਥਾਣਾ ਜਾਤ ਕਮਿਸ਼ਨਰੇਟ ਜਲੰਧਰ।
17. ਮੁੱਖ ਕਲਰਕ

ਦਫਤਰ ਡਿਪਟੀ ਕਮਿਸ਼ਨਰ ਪੁਲਿਸ, ਕਮ ਕਾਰਜਕਾਰੀ ਮਜਿਸਟਰੇਟ ਜਲੰਧਰ।
OFFICE OF DEPUTY COMMISSIONER OF POLICE, CUM-EXECUTIVE MEGISTRATE JALANDHAR
Ph. 0181-2240431-32
95929-18509
Fax No. 0181-2452446
Email : cpjal@jalandharpolice.gov.in

# ਹੁਕਮ

ਮੇਰੇ ਵੇਖਣ ਵਿੱਚ ਆਇਆ ਹੈ ਕਿ ਕਮਿਸ਼ਨਰੇਟ ਜਲੰਧਰ ਦੀ ਹਦੂਦ ਅੰਦਰ ਅਮਨ ਅਤੇ ਕਾਨੂੰਨ ਕਾਇਮ ਰੱਖਣ ਲਈ ਲੋਕ ਅਮਨ ਅਤੇ ਸ਼ਾਤੀ ਵਿੱਚ ਖਲਲ ਪੈਦਾ ਹੋਣ 'ਤੇ ਸਰਕਾਰੀ/ਪ੍ਰਾਈਵੇਟ ਸੰਪਤੀ ਨੂੰ ਨੁਕਾਸਾਨ ਹੋਣ ਤੋਂ ਸੁੱਰਖਿਆ ਲਈ ਜਰੂਰੀ ਹੈ ਕਿ ਕਿਸੇ ਕਿਸਮ ਦਾ ਜਲੂਸ ਕੱਢਣ, ਕਿਸੇ ਸਮਾਗਮ/ਜਲੂਸ ਵਿੱਚ ਹਥਿਆਰ ਚੁੱਕ ਕੇ ਚੱਲਣ, ਪੰਜ ਜਾਂ ਪੰਜ ਤੋ ਵੱਧ ਵਿਅਕਤੀਆਂ ਦੀ ਇੱਕਤਰਤਾ ਅਤੇ ਨਾਅਰੇਬਾਜੀ ਕਰਨ 'ਤੇ ਪਾਬੰਦੀ ਲਗਾਈ ਜਾਵੇ।

ਇਸ ਲਈ ਉਪਰੋਕਤ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਮੈਂ **ਅੰਕੁਰ ਗੁਪਤਾ, ਆਈ.ਪੀ.ਐਸ. ਡਿਪਟੀ ਕਮਿਸ਼ਨਰ ਪੁਲਿਸ, ਲਾਅ ਐਂਡ ਆਰਡਰ, ਜਲੰਧਰ** ਜਾਬਤਾ ਫੋਜਦਾਰੀ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋ ਕਰਦਾ ਹੋਇਆ **ਕਮਿਸ਼ਨਰੇਟ ਪੁਲਿਸ ਜਲੰਧਰ ਦੀ ਹਦੂਦ ਅੰਦਰ ਕਿਸੇ ਕਿਸਮ ਦਾ ਜਲੂਸ ਕੱਢਣ, ਕਿਸੇ ਸਮਾਗਮ/ਜਲੂਸ ਵਿੱਚ ਹਥਿਆਰ ਚੁੱਕ ਕੇ ਚੱਲਣ, ਪੰਜ ਜਾਂ ਪੰਜ ਤੋ ਵੱਧ ਵਿਅਕਤੀਆਂ ਦੀ ਇੱਕਤਰਤਾ ਅਤੇ ਨਾਅਰੇਬਾਜੀ ਕਰਨ 'ਤੇ ਪਬੰਦੀ ਲਗਾਉਦਾ ਹਾਂ।** ਮਾਮਲੇ ਦੀ ਤੱਤਪਰਤਾ ਅਤੇ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਜਾਦਾ ਹੈ ਕਿ ਇਹ ਹੁਕਮ **14.07.2023 ਤੋਂ 13.10.2023** ਤੱਕ ਲਾਗੂ ਰਹੇਗਾ।

ਮਾਮਲੇ ਦੀ ਤਤਪਰਤਾ ਅਤੇ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ,ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਦਾ ਹੈ ਅਤੇ ਆਮ ਜਨਤਾ ਨੂੰ ਸਬੋਧਿਤ ਕੀਤਾ ਜਾਦਾ ਹੈ।ਇਹ ਹੁਕਮ ਜਿਲ੍ਹਾਂ ਲੋਕ ਸਪੰਰਕ ਅਫਸਰ ਜਲੰਧਰ ਦੀ ਗੱਡੀ ਰਾਂਹੀ ਪ੍ਰਚਾਰ ਕਰਵਾ ਕੇ, ਦਫਤਰ ਕਮਿਸ਼ਨਰ ਪੁਲਿਸ, ਜਲੰਧਰ, ਵਧੀਕ ਡਿਪਟੀ ਕਮਿਸ੍ਨਰ ਪੁਲਿਸ, ਸਹਾਇਕ ਕਮਿਸ੍ਨਰ ਪੁਲਿਸ, ਜਲੰਧਰ ਅਤੇ ਥਾਣਿਆ ਦੇ ਨੋਟਿਸ ਬੋਰਡਾਂ ਤੇ ਇਹ ਹੁਕਮ ਦੀ ਨਕਲ ਚਿਪਕਾ ਕੇ ਲਾਗੂ ਕੀਤਾ ਜਾਵੇਗਾ।ਇਹ ਹੁਕਮ ਜਿਲਾ ਲੋਕ ਸੰਪਰਕ ਵਿਭਾਗ ਪ੍ਰੈਸ/ਰੇਡੀਓ ਰਾਂਹੀ ਸਮੂਹ ਇਲਾਕਾ ਨਿਵਾਸੀਆਂ ਨੂੰ ਸੂਚਿਤ ਕਰਨਗੇ।

ਇਹ ਹੁਕਮ ਮੇਰੇ ਦਸਤਖਤ ਅਤੇ ਮੋਹਰ ਹੇਠ ਮਿਤੀ **13.07.2023** ਨੂੰ ਕੀਤਾ ਗਿਆ।

Dy. Commissioner of Police * Jalandhar

(ਅੰਕੁਰ ਗੁਪਤਾ), ਆਈ.ਪੀ.ਐਸ.
ਡਿਪਟੀ ਕਮਿਸ਼ਨਰ ਪੁਲਿਸ,
ਲਾਅ ਐਂਡ ਆਰਡਰ, ਜਲੰਧਰ

ਨੰਬਰ 3939-4004 ਸੀ.ਪੀ/ਜਲੰ/ਆਰਮਜ ਮਿਤੀ 13.7.23

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸੱਕਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਹਿ ਸੱਕਤਰ ਪੰਜਾਬ ਸਰਕਾਰ,ਚੰਡੀਗੜ੍ਹ।
3. ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆ ਵਿਭਾਗ (ਗ੍ਰਹਿ ਸ਼ਾਖਾ-4), ਪੰਜਾਬ ਚੰਡੀਗੜ੍ਹ।
4. ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ।
5. ਵਧੀਕ ਡਾਇਰੈਕਟਰ ਜਨਰਲ ਪੁਲਿਸ, (ਲਾਅ ਅਤੇ ਆਰਡਰ) ਪੰਜਾਬ, ਚੰਡੀਗੜ੍ਹ।
6. ਜਿਲ੍ਹਾ ਅਤੇ ਸ਼ੈਸ਼ਨ ਜੱਜ, ਜਲੰਧਰ।
7. ਡਿਪਟੀ ਕਮਿਸ਼ਨਰ, ਜਲੰਧਰ।
8. ਕਮਿਸ਼ਨਰ ਨਗਰ ਨਿਗਮ, ਜਲੰਧਰ।
9. ਸਮੂਹ ਨਿਗਰਾਨ ਅਫਸਰ / ਸਮੂਹ ਸਹਾਇਕ ਨਿਗਰਾਨ ਅਫਸਰ, ਜਲੰਧਰ।
10. ਜਿਲ੍ਹਾ ਲੋਕ ਸੰਪਰਕ ਅਫਸਰ,ਜਲੰਧਰ।
11. ਰੀਡਰ ਕਮਿਸ਼ਨਰ ਪੁਲਿਸ, ਜਲੰਧਰ।
12. ਰੀਡਰ ਡੀ.ਸੀ.ਪੀ. ਅਤੇ ਇੰਚਾਰਜ ਕੰਪਿਊਟਰ ਨੂੰ ਵੈਬ ਸਾਈਟ ਅਪਡੇਟ ਕਰਨ ਸਬੰਧੀ।
13. ਇੰਚਾਰਜ ਕੰਟਰੋਲ ਰੂਮ।
14. ਸਮੂਹ ਮੁੱਖ ਅਫਸਰ ਥਾਣਾਜ਼ਾਤ, ਕਮਿਸ਼ਨਰੇਟ ਜਲੰਧਰ।
15. ਮੁੱਖ ਕਲਰਕ

ਦਫਤਰ ਡਿਪਟੀ ਕਮਿਸ਼ਨਰ ਪੁਲਿਸ, ਕਮ ਕਾਰਜਕਾਰੀ ਮਜਿਸਟਰੇਟ ਜਲੰਧਰ।
OFFICE OF DEPUTY COMMISSIONER OF POLICE, CUM-EXECUTIVE MEGISTRATE JALANDHAR
Ph. 0181-2240431-32
95929-18509
Fax No. 0181-2452446
Email : cpjal@jalandharpolice.gov.in

# ਹੁਕਮ

ਮੇਰੇ ਧਿਆਨ ਵਿੱਚ ਆਇਆ ਹੈ ਕਿ ਮੈਰਿਜ ਪੈਲਸਾਂ ਵਿਚ ਲੋਕ ਅਸਲਾ ਲੈ ਕੇ ਆਉਂਦੇ ਹਨ ਅਤੇ ਸ਼ਰਾਬ ਆਦਿ ਦਾ ਸੇਵਨ ਕਰਕੇ ਸ਼ੋਰ-ਸ਼ਰਾਬੇ ਦੌਰਾਨ ਅਸਲੇ ਦੀ ਦੁਰਵਰਤੋਂ ਕਰਨ ਦੀ ਸੰਭਾਵਨਾ ਬਹੁਤ ਵੱਧ ਜਾਂਦੀ ਹੈ। ਵਿਆਹਾਂ-ਸ਼ਾਦੀਆਂ ਦੇ ਮੌਕੇ 'ਤੇ ਮੈਰਿਜ ਪੈਲਸਾਂ/ਹੋਟਲਾਂ ਦੇ ਦਾਅਵਤ ਹਾਲਾਂ (Banquet Halls) ਵਿਚ ਅਤੇ ਹੋਰ ਸਮਾਜਿਕ ਪ੍ਰੋਗਰਾਮਾਂ ਵਿਚ ਅਸਲੇ ਦੀ ਦੁਰਵਰਤੋਂ ਹੋਣ ਨਾਲ ਕਈ ਜਗ੍ਹਾ 'ਤੇ ਅਣਸੁਖਾਵੀਆਂ ਘਟਨਾਵਾਂ ਵਾਪਰੀਆ ਹਨ, ਅਤੇ ਕਈ ਬੇਕਸੂਰ ਲੋਕਾਂ ਦੀ ਜਾਨ-ਮਾਲ ਦਾ ਵੀ ਨੁਕਸਾਨ ਹੋਇਆ ਹੈ। ਜਿਸ ਕਾਰਨ ਮੈਰਿਜ ਪੈਲਸਾਂ ਅਤੇ ਦਾਅਵਤ ਹਾਲਾਂ ਵਿਚ ਸੀ.ਸੀ.ਟੀ.ਵੀ. ਕੈਮਰੇ ਲਗਾਉਣੇ ਬਹੁਤ ਜਰੂਰੀ ਹਨ ਅਤੇ ਮੈਰਿਜ ਪੈਲਸਾਂ ਦੇ ਅੰਦਰ ਪਬਲਿਕ ਦੁਆਰਾ ਹਥਿਆਰ ਲੈ ਕੇ ਜਾਣ 'ਤੇ ਪਾਬੰਦੀ ਲਗਾਉਣੀ ਜਰੂਰੀ ਹੈ।

ਮੈਂ **ਅੰਕੁਰ ਗੁਪਤਾ, ਆਈ.ਪੀ.ਐਸ. ਡਿਪਟੀ ਕਮਿਸ਼ਨਰ ਪੁਲਿਸ, ਲਾਅ ਐਂਡ ਆਰਡਰ, ਜਲੰਧਰ** ਜਾਬਤਾ ਫੌਜਦਾਰੀ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋ ਕਰਦਾ ਹੋਇਆ ਕਮਿਸ਼ਨਰੇਟ ਜਲੰਧਰ ਦੀ ਹਦੂਦ ਅੰਦਰ ਆਉਦੇ ਸਾਰੇ ਮੈਰਿਜ ਪੈਲਸਾਂ/ਹੋਟਲਾਂ ਦੇ ਦਾਅਵਤ ਹਾਲਾਂ (**Banquet Halls**) ਵਿਚ, ਵਿਆਹਾਂ-ਸ਼ਾਦੀਆਂ ਦੇ ਪ੍ਰੋਗਰਾਮਾਂ ਵਿਚ ਅਤੇ ਹੋਰ ਸਮਾਜਿਕ ਪ੍ਰੋਗਰਾਮਾਂ ਵਿਚ ਪਬਲਿਕ ਦੁਆਰਾ ਹਥਿਆਰ ਲੈ ਕੇ ਜਾਣ 'ਤੇ ਪਾਬੰਦੀ ਲਗਾਉਂਦਾ ਹਾਂ ਅਤੇ ਮੈਰਿਜ ਪੈਲਸਾਂ ਅਤੇ ਦਾਅਵਤ ਹਾਲਾਂ ਦੇ ਮਾਲਕਾਂ ਨੂੰ ਹਦਾਇਤ ਕਰਦਾ ਹਾਂ ਕਿ ਉਹ ਮੈਰਿਜ ਪੈਲਸਾਂ/ਦਾਅਵਤ ਹਾਲਾਂ ਵਿਚ ਸੀ.ਸੀ.ਟੀ.ਵੀ. ਕੈਮਰੇ ਲਗਵਾਉਣਦੇ ਜਿੰਮੇਵਾਰ ਹੋਣਗੇ। ਇਹ ਹੁਕਮ ਮਿਤੀ **14.07.2023 ਤੋਂ 13.10.2023** ਤੱਕ ਜਾਰੀ ਰਹੇਗਾ।

ਮਾਮਲੇ ਦੀ ਤਤਪਰਤਾ ਅਤੇ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ,ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਦਾ ਹੈ ਅਤੇ ਆਮ ਜਨਤਾ ਨੂੰ ਸਬੋਧਿਤ ਕੀਤਾ ਜਾਦਾ ਹੈ।ਇਹ ਹੁਕਮ ਜਿਲ੍ਹਾਂ ਲੋਕ ਸਪੰਰਕ ਅਫਸਰ ਜਲੰਧਰ ਦੀ ਗੱਡੀ ਰਾਂਹੀ ਪ੍ਰਚਾਰ ਕਰਵਾ ਕੇ,ਦਫਤਰ ਕਮਿਸ਼ਨਰ ਪੁਲਿਸ, ਜਲੰਧਰ, ਵਧੀਕ ਡਿਪਟੀ ਕਮਿਸ਼ਨਰ ਪੁਲਿਸ, ਸਹਾਇਕ ਕਮਿਸ਼ਨਰ ਪੁਲਿਸ, ਜਲੰਧਰ ਅਤੇ ਥਾਣਿਆ ਦੇ ਨੋਟਿਸ ਬੋਰਡਾਂ ਤੇ ਇਸ ਹੁਕਮ ਦੀ ਨਕਲ ਚਿਪਕਾ ਕੇ ਲਾਗੂ ਕੀਤਾ ਜਾਵੇਗਾ। ਇਹ ਹੁਕਮ ਜਿਲਾ ਲੋਕ ਸੰਪਰਕ ਵਿਭਾਗ ਦੀ ਸਰਕਾਰੀ ਗੱਡੀ/ਪ੍ਰੈਸ/ਰੇਡੀਓ ਰਾਹੀ ਸਮੂਹ ਇਲਾਕਾ ਨਿਵਾਸੀਆਂ ਨੂੰ ਸੂਚਿਤ ਕਰਨਗੇ।

ਇਹ ਹੁਕਮ ਮੇਰੇ ਦਸਤਖ਼ਤ ਅਤੇ ਮੋਹਰ ਹੇਠ ਮਿਤੀ **13.07.2023** ਨੂੰ ਕੀਤਾ ਗਿਆ।

Dy. Commissioner of Police * Jalandhar

(ਅੰਕੁਰ ਗੁਪਤਾ), ਆਈ.ਪੀ.ਐਸ.
ਡਿਪਟੀ ਕਮਿਸ਼ਨਰ ਪੁਲਿਸ,
ਲਾਅ ਐਂਡ ਆਰਡਰ, ਜਲੰਧਰ

3938
ਨੰਬਰ 3873. ਸੀ.ਪੀ/ਜਲੰ/ਆਰਮਜ ਮਿਤੀ 13.7.23.

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸੱਕਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਹਿ ਸੱਕਤਰ ਪੰਜਾਬ ਸਰਕਾਰ,ਚੰਡੀਗੜ੍ਹ।
3. ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆ ਵਿਭਾਗ (ਗ੍ਰਹਿ ਸ਼ਾਖਾ-4), ਪੰਜਾਬ ਚੰਡੀਗੜ੍ਹ।
4. ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ।
5. ਵਧੀਕ ਡਾਇਰੈਕਟਰ ਜਨਰਲ ਪੁਲਿਸ, (ਲਾਅ ਅਤੇ ਆਰਡਰ) ਪੰਜਾਬ, ਚੰਡੀਗੜ੍ਹ।
6. ਜਿਲ੍ਹਾ ਅਤੇ ਸੈਸ਼ਨ ਜੱਜ, ਜਲੰਧਰ।
7. ਡਿਪਟੀ ਕਮਿਸ਼ਨਰ, ਜਲੰਧਰ।
8. ਕਮਿਸ਼ਨਰ ਨਗਰ ਨਿਗਮ, ਜਲੰਧਰ।
9. ਕਮਿਸ਼ਨਰ ਆਬਕਾਰੀ ਅਤੇ ਕਰ ਵਿਭਾਗ 1 ਅਤੇ 2.
10. ਸਮੂਹ ਨਿਗਰਾਨ ਅਫਸਰ / ਸਮੂਹ ਸਹਾਇਕ ਨਿਗਰਾਨ ਅਫਸਰ, ਜਲੰਧਰ।
11. ਜਿਲ੍ਹਾ ਲੋਕ ਸੰਪਰਕ ਅਫਸਰ,ਜਲੰਧਰ।
12. ਰੀਡਰ ਕਮਿਸ਼ਨਰ ਪੁਲਿਸ, ਜਲੰਧਰ।
13. ਰੀਡਰ ਡੀ.ਸੀ.ਪੀ. ਅਤੇ ਇੰਚਾਰਜ ਕੰਪਿਊਟਰ ਨੂੰ ਵੈਬ ਸਾਈਟ ਅਪਡੇਟ ਕਰਨ ਸਬੰਧੀ।
14. ਇੰਚਾਰਜ ਕੰਟਰੋਲ ਰੂਮ।
15. ਸਮੂਹ ਮੁੱਖ ਅਫਸਰ ਥਾਣਾਜ਼ਾਤ, ਕਮਿਸ਼ਨਰੇਟ ਜਲੰਧਰ।
16. ਮੁੱਖ ਕਲਰਕ।

ਦਫਤਰ ਡਿਪਟੀ ਕਮਿਸ਼ਨਰ ਪੁਲਿਸ, ਕਮ ਕਾਰਜਕਾਰੀ ਮਜਿਸਟਰੇਟ ਜਲੰਧਰ
OFFICE OF DEPUTY COMMISSIONER OF POLICE, CUM-EXECUTIVE MEGISTRATE JALANDHAR
Ph. 0181-2240431-32
95929-18509
Fax No. 0181-2452446
Email : cpjal@jalandharpolice.gov.in

# ਹੁਕਮ

ਮਾਨਯੋਗ ਵਧੀਕ ਡਾਇਰੈਕਟਰ ਜਨਰਲ ਪੁਲਿਸ, ਲਾਅ ਅਤੇ ਆਰਡਰ, ਪੰਜਾਬ, ਚੰਡੀਗੜ੍ਹ ਜੀ ਦੇ ਦਫ. ਪੱਤਰ ਨੰਬਰ 7143-80/ਲਾਅ ਅਤੇ ਆਰਡਰ, ਮਿਤੀ 19.02.2020 ਰਾਹੀਂ ਕ੍ਰਿਮੀਨਲ ਵਿਅਕਤੀਆਂ ਵਲੋਂ ਲੁੱਟ-ਖੋਹ, ਡਕੈਤੀ, ਵਾਹਨ ਚੋਰੀ ਹੋਰ ਅਪਰਾਧ ਕਰਨ ਲਈ ਸ਼ਹਿਰ ਵਿਚ ਵਰਤੀਆਂ ਜਾਣ ਵਾਲੀਆਂ ਪਾਰਕਿੰਗ ਵਾਲੀਆਂ ਥਾਵਾਂ 'ਤੇ ਲਾਅ ਅਤੇ ਆਰਡਰ ਨੂੰ ਬਹਾਲ ਰੱਖਣ ਲਈ ਸੁਰੱਖਿਆ ਪ੍ਰਬੰਧਾਂ ਨੂੰ ਮਜਬੂਤ ਕਰਨ ਦੀ ਹਦਾਇਤ ਹੋਈ ਹੈ। ਕਈ ਵਾਰ ਅਪਰਾਧੀ ਕਿਸੇ ਸੰਗੀਨ ਜੁਰਮ ਨੂੰ ਅੰਜਾਮ ਦੇਣ ਤੋਂ ਬਾਅਦ ਵਾਹਨ ਪਾਰਕਿੰਗ ਵਾਲੀਆਂ ਥਾਵਾਂ 'ਤੇ ਖੜ੍ਹੇ ਕਰ ਦਿੰਦੇ ਹਨ। ਇਹੋ ਜਿਹੀਆ ਵਾਰਦਤਾਂ ਨੂੰ ਰੋਕਣ ਲਈ ਪੁਲਿਸ ਕਮਿਸ਼ਨਰੇਟ, ਜਲੰਧਰ ਦੀ ਹਦੂਦ ਅੰਦਰ ਪੈਂਦੀਆਂ ਵਾਹਨ ਖੜੀਆ ਕਰਨ ਵਾਲੀਆ ਥਾਵਾਂ (ਕੰਪਲੈਕਸ ਦੇ ਅੰਦਰ ਜਾਂ ਬਾਹਰ) (Parking Places indoor or outdoor) 'ਤੇ ਸੁਰੱਖਿਆ ਪ੍ਰਬੰਧਾਂ ਨੂੰ ਮਜਬੂਤ ਕਰਨ ਲਈ ਸੀ.ਸੀ.ਟੀ.ਵੀ. ਕੈਮਰੇ ਲਗਾਉਣੇ ਅਤੇ ਵਾਹਨ ਪਾਰਕ ਕਰਨ ਵਾਲੇ ਵਾਹਨ ਮਾਲਕਾਂ ਦਾ ਰਿਕਾਰਡ Maintain ਕਰਨਾ ਜ਼ਰੂਰੀ ਹੈ ਤਾਂ ਜੋ ਵਾਹਨ ਚੋਰੀ ਦੀਆਂ ਘਟਨਾਵਾਂ 'ਤੇ ਕਾਬੂ ਪਾਇਆ ਜਾ ਸਕੇ।

ਇਸ ਲਈ ਮੈਂ **ਅੰਕੁਰ ਗੁਪਤਾ, ਆਈ.ਪੀ.ਐਸ. ਡਿਪਟੀ ਕਮਿਸ਼ਨਰ ਪੁਲਿਸ, ਲਾਅ ਐਂਡ ਆਰਡਰ, ਜਲੰਧਰ**, ਜਾਬਤਾ ਫੌਜਦਾਰੀ ਸੰਘਤਾ 1973 ਦੀ ਧਾਰਾ 144 ਤਹਿਤ ਮਿਲੇ ਅਧਿਕਾਰਾਂ ਦੀ ਵਰਤੋ ਕਰਦਾ ਹੋਇਆ,ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਅਤੇ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਪੁਲਿਸ ਕਮਿਸ਼ਨਰੇਟ ਵਿੱਚ ਬਹਾਲ ਰੱਖਣ ਲਈ, ਇਹ ਹੁਕਮ ਜ਼ਾਰੀ ਕਰਦਾ ਹਾਂ ਕਿ **ਪੁਲਿਸ ਕਮਿਸ਼ਨਰੇਟ,ਜਲੰਧਰ** ਦੀ ਹਦੂਦ ਅੰਦਰ ਪੈਂਦੀਆਂ ਵਾਹਨ ਖੜੀਆ ਕਰਨ ਦੀਆਂ ਥਾਵਾਂ **ਜਿਵੇਂ ਰੇਲਵੇ ਸਟੇਸ਼ਨ, ਬੱਸ ਸਟੈਂਡ, ਧਾਰਮਿਕ ਥਾਵਾਂ, ਹਸਪਤਾਲ, ਭੀੜ ਵਾਲੇ ਬਾਜ਼ਾਰਾਂ ਅਤੇ ਹੋਰ ਵਾਹਨ ਪਾਰਕ ਕਰਨ ਲਈ ਬਣੀਆਂ ਥਾਵਾਂ ਆਦਿ ਦੇ ਮਾਲਕ/ਪ੍ਰਬੰਧਕ** (ਕੰਪਲੈਕਸ ਦੇ ਅੰਦਰ ਜਾਂ ਬਾਹਰ) **(Parking Places indoor or outdoor)** ਸੀ.ਸੀ.ਟੀ.ਵੀ.ਕੈਮਰੇ ਲਗਾਏ ਬਿਨ੍ਹਾਂ ਵਾਹਨ ਪਾਰਕਿੰਗ ਨਹੀ ਚਲਾਉਣਗੇ। ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸੀ.ਸੀ.ਟੀ.ਵੀ.ਕੈਮਰੇ ਇਸ ਤਰੀਕੇ ਨਾਲ ਲਗਏ ਜਾਣ ਕਿ ਜੋ ਵਾਹਨ ਪਾਰਕਿੰਗ ਦੇ ਅੰਦਰ/ਬਾਹਰ ਆਉਂਦਾ/ਜਾਂਦਾ ਹੈ,ਉਸ ਵਾਹਨ ਦੀ ਨੰਬਰ ਪਲੇਟ ਅਤੇ ਵਾਹਨ ਚਲਾਉਣ ਵਾਲੇ ਵਿਅਕਤੀ ਦਾ ਚੇਹਰਾ ਸਾਫ ਨਜ਼ਰ ਆਵੇ ਹੈ ਅਤੇ ਇਸ ਸਬੰਧੀ ਲਗਾਏ ਸੀ.ਸੀ.ਟੀ.ਵੀ. ਕੈਮਰਿਆ ਦੀ 45 ਦਿਨ ਤੱਕ ਦੀ ਰਿਕਾਡਿੰਗ ਦੀ ਸੀ.ਡੀ.ਤਿਆਰ ਕਰਨ ਉਪਰੰਤ ਹਰ 15 ਦਿਨ ਬਾਅਦ ਸਕਿਊਰਟੀ ਬ੍ਰਾਂਚ, ਦਫਤਰ ਪੁਲਿਸ ਕਮਿਸ਼ਨਰ,ਜਲੰਧਰ ਵਿੱਚ ਜਮਾਂ ਕਰਵਾਈ ਜਾਵੇ ਅਤੇ ਵਾਹਨ ਪਾਰਕ ਕਰਨ ਵਾਲੇ ਵਾਹਨ ਮਾਲਕਾਂ ਦਾ ਰਿਕਾਰਡ ਜੇਕਰ ਵਾਹਨ ਇੱਕ ਦਿਨ ਲਈ ਖੜ੍ਹਾ ਕਰਨਾ ਹੋਵੇ ਤਾਂ ਰਜਿਸਟਰ ਵਿੱਚ ਉਸ ਦਾ ਅੰਦਰਾਜ਼ ਹੇਠ ਲਿਖੇ ਪ੍ਰੋਫਾਰਮੇ ਅਨੁਸਾਰ ਕੀਤਾ ਜਾਵੇ:-

| Sn | Name of person | Mobile phone number ID | Detail of Vehicle | | | | Date of parking of vehicle | Date when vehicle was taken back |
|---|---|---|---|---|---|---|---|---|
| | | | Type of vehicle | Registration number | Chasis number | Engine number | | |
| | | | | | | | | |

ਇਸਦੇ ਨਾਲ ਹੀ ਵਾਹਨ ਮਾਲਕ ਦੇ ਰਜਿਸਟਰ ਵਿੱਚ ਦਸਤਖਤ ਕਰਵਾਉਣਗੇ। ਅਗਰ ਵਾਹਨ ਇੱਕ ਦਿਨ ਤੋ ਵੱਧ ਸਮੇ ਲਈ ਪਾਰਕ ਕਰਨਾ ਹੋਵੇ ਤਾਂ ਉਸ ਦਾ ਅੰਦਰਾਜ ਰਜਿਸਟਰ ਵਿੱਚ ਉਕਤ ਅਨੁਸਾਰ ਕਰਕੇ ਉਸ ਵਾਹਨ ਮਾਲਕ ਕੋਲੋ ਵਾਹਨ ਦੇ ਰਜਿਸਟਰੇਸ਼ਨ ਅਤੇ ਡਰਾਇਵਿੰਗ ਲਾਈਸੈਂਸ ਦੀ ਫੋਟੋ ਕਾਪੀ ਲੈ ਕੇ ਬਤੌਰ ਰਿਕਾਰਡ ਰੱਖਣਗੇ। ਇਸ ਤੋ ਇਲਾਵਾ ਪਾਰਕਿੰਗ ਦੀਆ ਥਾਵਾਂ ਪਰ ਕੰਮ ਕਰ ਰਹੇ ਵਿਅਕਤੀਆਂ ਦੀ ਪੁਲਿਸ ਵੈਰੀਫਿਕੇਸ਼ਨ ਸਬੰਧਤ ਥਾਣਾਂ ਤੋ ਕਰਵਾਈ ਜਾਵੇ।

ਮਾਮਲੇ ਦੀ ਤਤਪਰਤਾ ਅਤੇ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ,ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸਬੋਧਿਤ ਕੀਤਾ ਜਾਂਦਾ ਹੈ।ਇਹ ਹੁਕਮ ਦਫਤਰ ਕਮਿਸ਼ਨਰ ਪੁਲਿਸ, ਜਲੰਧਰ, ਵਧੀਕ ਡਿਪਟੀ ਕਮਿਸ਼ਨਰ ਪੁਲਿਸ,ਸਹਾਇਕ ਕਮਿਸ਼ਨਰ ਪੁਲਿਸ,ਜਲੰਧਰ ਅਤੇ ਥਾਣਿਆ ਦੇ ਨੋਟਿਸ ਬੋਰਡਾਂ ਤੇ ਨਕਲ ਚਿਪਕਾ ਕੇ ਲਾਗੂ ਕੀਤਾ ਜਾਵੇਗਾ।ਇਸ ਹੁਕਮ ਬਾਰੇ ਜਿਲਾ ਲੋਕ ਸੰਪਰਕ ਵਿਭਾਗ ਦੀ ਸਰਕਾਰੀ ਗੱਡੀ/ਪ੍ਰੈਸ/ ਰੇਡੀਓ ਰਾਂਹੀ ਸਮੂਹ ਇਲਾਕਾ ਨਿਵਾਸੀਆਂ ਨੂੰ ਸੂਚਿਤ ਕਰਨਗੇ। ਇਹ ਹੁਕਮ ਮਿਤੀ **14.07.2023 ਤੋਂ 13.10.2023** ਤੱਕ ਲਾਗੂ ਰਹੇਗਾ।

ਇਹ ਹੁਕਮ ਮੇਰੇ ਦਸਤਖਤ ਅਤੇ ਮੋਹਰ ਹੇਠ ਮਿਤੀ **13.07.2023** ਨੂੰ ਕੀਤਾ ਗਿਆ।

Dy. Commissioner of Police Jalandhar

(ਅੰਕੁਰ ਗੁਪਤਾ), ਆਈ.ਪੀ.ਐਸ.
ਡਿਪਟੀ ਕਮਿਸ਼ਨਰ ਪੁਲਿਸ,
ਲਾਅ ਐਂਡ ਆਰਡਰ, ਜਲੰਧਰ

ਨੰਬਰ 3741-3806 ਸੀ.ਪੀ/ਜਲੰ/ਆਰਮਜ ਮਿਤੀ 13.7.23

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸੱਕਤਰ, ਪੰਜਾਬ ਸਰਕਾਰ, ਚੰਡੀਗੜ।
2. ਗ੍ਰਹਿ ਸੱਕਤਰ ਪੰਜਾਬ ਸਰਕਾਰ,ਚੰਡੀਗੜ।
3. ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆ ਵਿਭਾਗ (ਗ੍ਰਹਿ ਸ਼ਾਖਾ-4), ਪੰਜਾਬ ਚੰਡੀਗੜ।
4. ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ।
5. ਵਧੀਕ ਡਾਇਰੈਕਟਰ ਜਨਰਲ ਪੁਲਿਸ, (ਲਾਅ ਅਤੇ ਆਰਡਰ) ਪੰਜਾਬ, ਚੰਡੀਗੜ।
6 ਜਿਲ੍ਹਾ ਅਤੇ ਸ਼ੈਸ਼ਨ ਜੱਜ, ਜਲੰਧਰ।
7 ਡਿਪਟੀ ਕਮਿਸ਼ਨਰ, ਜਲੰਧਰ।
8 ਕਮਿਸ਼ਨਰ ਨਗਰ ਨਿਗਮ,ਜਲੰਧਰ।
9. ਸਮੂਹ ਨਿਗਰਾਨ ਅਫਸਰ ਅਤੇ ਸਮੂਹ ਸਹਾਇਕ ਨਿਗਰਾਨ ਅਫਸਰ, ਕਮਿਸ਼ਨਰੇਟ ਜਲੰਧਰ।
10 ਜਿਲ੍ਹਾ ਲੋਕ ਸੰਪਰਕ ਅਫਸਰ,ਜਲੰਧਰ।
11. ਰੀਡਰ ਕਮਿਸ਼ਨਰ ਪੁਲਿਸ,ਜਲੰਧਰ।
12. ਰੀਡਰ ਡੀ.ਸੀ.ਪੀ.ਅਤੇ ਇੰਨਚਾਰਜ਼ ਕੰਪਿਊਟਰ ਨੂੰ ਵੈਬ ਸਾਈਟ ਅਪਡੇਟ ਕਰਨ ਸਬੰਧੀ।
13. ਇੰਚਾਰਜ਼ ਕੰਟਰੋਲ ਰੂਮ
14. ਸਮੂਹ ਮੁੱਖ ਅਫਸਰ ਥਾਣਾ ਜਾਤ ਕਮਿਸ਼ਨਰੇਟ ਜਲੰਧਰ।
15. ਮੁੱਖ ਕਲਰਕ

ਦਫਤਰ ਡਿਪਟੀ ਕਮਿਸ਼ਨਰ ਪੁਲਿਸ, ਕਮ ਕਾਰਜਕਾਰੀ ਮਜਿਸਟਰੇਟ ਜਲੰਧਰ।
OFFICE OF DEPUTY COMMISSIONER OF POLICE, CUM-EXECUTIVE MEGISTRATE JALANDHAR
Ph. 0181-2240431-32
95929-18509
Fax No. 0181-2452446
Email : cpjal@jalandharpolice.gov.in

# ਹੁਕਮ

ਮੇਰੇ ਧਿਆਨ ਵਿੱਚ ਆਇਆ ਹੈ ਕਿ ਕੁਝ ਵਿਅਕਤੀ ਬੁੱਲਟ ਮੋਟਰ ਸਾਈਕਲ ਚਲਾਉਂਦੇ ਸ. ਸਾਈਲੈਂਸਰ ਵਿਚ ਤਕਨੀਕੀ ਫੇਰ ਬਦਲ ਕਰਕੇ ਪਟਾਕਾ ਆਦਿ ਦੀ ਆਵਾਜ਼ ਪੈਦਾ ਕਰਦੇ ਹਨ, ਜਿਸ ਨਾਲ ਜਨਤਕ ਥਾਵਾਂ ਤੇ ਸ਼ੋਰ ਪੈਦਾ ਹੁੰਦਾ ਹੈ ਅਤੇ ਸਮਾਜ ਵਿਚ ਇਕ ਦਹਿਸ਼ਤ ਦਾ ਮਾਹੌਲ ਪੈਦਾ ਹੁੰਦਾ ਹੈ। ਅਜਿਹਾ ਕਰਨ ਨਾਲ ਸਮਾਜ ਵਿਚ ਵਿਚਰਦੇ ਲੋਕਾਂ ਖਾਸ ਕਰਕੇ ਬੱਚੇ, ਬਜ਼ੁਰਗ, ਅਤੇ ਮਾਨਸਿਕ ਰੋਗੀਆਂ ਜਾਂ ਦਿਲ ਦੇ ਰੋਗਾਂ ਤੋਂ ਪੀੜਤ ਵਿਅਕਤੀਆਂ 'ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਜਿਸ ਨਾਲ ਜਾਨ-ਮਾਲ ਦੇ ਨੁਕਸਾਨ ਦਾ ਖਤਰਾ ਵੀ ਬਣਿਆ ਰਹਿੰਦਾ ਹੈ। ਬੁੱਲਟ ਮੋਟਰ ਸਾਈਕਲਾਂ ਨੂੰ ਚਲਾਉਂਦੇ ਸਮੇਂ ਪਟਾਕੇ ਆਦਿ ਚਲਾਉਣ ਨਾਲ ਕੋਈ ਵੀ ਗੈਰ ਕਾਨੂੰਨੀ ਕਾਰਵਾਈ ਜਾਂ ਹਿੰਸਕ ਘਟਨਾ ਵਾਪਰਨ ਦੀ ਸਮਰੱਥਾ ਵੱਧ ਜਾਂਦੀ ਹੈ, ਜਿਸ ਨਾਲ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਖਤਰਾ ਪੈਦਾ ਹੋ ਸਕਦਾ ਹੈ।

ਇਸ ਲਈ ਉਪਰੋਕਤ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਮੈਂ **ਅੰਕੁਰ ਗੁਪਤਾ, ਆਈ.ਪੀ.ਐਸ. ਡਿਪਟੀ ਕਮਿਸ਼ਨਰ ਪੁਲਿਸ, ਲਾਅ ਐਂਡ ਆਰਡਰ, ਜਲੰਧਰ** ਜਾਬਤਾ ਫੌਜਦਾਰੀ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋ ਕਰਦਾ ਹੋਇਆ **ਕਮਿਸ਼ਨਰੇਟ ਪੁਲਿਸ ਜਲੰਧਰ ਦੀ ਹਦੂਦ ਅੰਦਰ ਬੁੱਲਟ ਮੋਟਰ ਸਾਈਕਲ ਚਲਾਉਂਦੇ ਸਮੇਂ ਸਾਈਲੈਂਸਰ ਵਿਚ ਤਕਨੀਕੀ ਫੇਰ ਬਦਲ ਕਰਵਾ ਕੇ ਪਟਾਕੇ ਆਦਿ ਚਲਾਉਣ ਵਾਲੇ ਵਾਹਨ ਚਾਲਕਾਂ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਉਂਦਾ ਹਾਂ ਅਤੇ ਇਹ ਵੀ ਹੁਕਮ ਜਾਰੀ ਕਰਦਾ ਹਾਂ ਕਿ ਕੋਈ ਵੀ ਦੁਕਾਨਦਾਰ, ਆਟੋ ਕੰਪਨੀ ਵਲੋਂ ਨਿਰਧਾਰਤ ਕੀਤੇ ਮਾਪਦੰਡਾਂ ਦੇ ਵਿਰੁੱਧ ਤਿਆਰ ਕੀਤੇ ਸਾਈਲੈਂਸਰ ਨਹੀਂ ਵੇਚੇਗਾ ਅਤੇ ਨਾ ਹੀ ਕਿਸੇ ਮਕੈਨਿਕ ਵਲੋਂ ਸਾਈਲੈਂਸਰਾਂ ਵਿਚ ਤਕਨੀਕੀ ਫੇਰ ਬਦਲ ਕੀਤੇ ਜਾਣਗੇ।** ਮਾਮਲੇ ਦੀ ਤੱਤਪਰਤਾ ਅਤੇ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਜਾਦਾ ਹੈ ਕਿ **ਇਹ ਹੁਕਮ 14.07.2023 ਤੋਂ 13.10.2023 ਤੱਕ ਲਾਗੂ ਰਹੇਗਾ।**

ਮਾਮਲੇ ਦੀ ਤਤਪਰਤਾ ਅਤੇ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ,ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਜਾਦਾ ਹੈ।ਇਹ ਹੁਕਮ ਜਿਲ੍ਹਾਂ ਲੋਕ ਸਪੰਰਕ ਅਫਸਰ ਜਲੰਧਰ ਦੀ ਗੱਡੀ ਰਾਂਹੀ ਪ੍ਰਚਾਰ ਕਰਵਾ ਕੇ, ਦਫਤਰ ਕਮਿਸ਼ਨਰ ਪੁਲਿਸ, ਜਲੰਧਰ, ਵਧੀਕ ਡਿਪਟੀ ਕਮਿਸ਼ਨਰ ਪੁਲਿਸ, ਸਹਾਇਕ ਕਮਿਸ਼ਨਰ ਪੁਲਿਸ, ਜਲੰਧਰ ਅਤੇ ਥਾਣਿਆ ਦੇ ਨੋਟਿਸ ਬੋਰਡਾਂ ਤੇ ਇਹ ਹੁਕਮ ਦੀ ਨਕਲ ਚਿਪਕਾ ਕੇ ਲਾਗੂ ਕੀਤਾ ਜਾਵੇਗਾ।ਇਹ ਹੁਕਮ ਜਿਲਾ ਲੋਕ ਸੰਪਰਕ ਵਿਭਾਗ ਪ੍ਰੈਸ/ਰੇਡੀਓ ਰਾਂਹੀ ਸਮੂਹ ਇਲਾਕਾ ਨਿਵਾਸੀਆਂ ਨੂੰ ਸੂਚਿਤ ਕਰਨਗੇ।

ਇਹ ਹੁਕਮ ਮੇਰੇ ਦਸਤਖਤ ਅਤੇ ਮੋਹਰ ਹੇਠ ਮਿਤੀ **13.07.2023** ਨੂੰ ਕੀਤਾ ਗਿਆ।

Dy. Commissioner of Police Jalandhar

(ਅੰਕੁਰ ਗੁਪਤਾ), ਆਈ.ਪੀ.ਐਸ.
ਡਿਪਟੀ ਕਮਿਸ਼ਨਰ ਪੁਲਿਸ,
ਲਾਅ ਐਂਡ ਆਰਡਰ, ਜਲੰਧਰ

3470
ਨੰਬਰ 3675- ਸੀ.ਪੀ/ਜਲੰ/ਆਰਮਜ ਮਿਤੀ 13.7.23

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸੱਕਤਰ, ਪੰਜਾਬ ਸਰਕਾਰ, ਚੰਡੀਗੜ।
2. ਗ੍ਰਹਿ ਸੱਕਤਰ ਪੰਜਾਬ ਸਰਕਾਰ,ਚੰਡੀਗੜ।
3. ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆ ਵਿਭਾਗ (ਗ੍ਰਹਿ ਸ਼ਾਖਾ-4), ਪੰਜਾਬ ਚੰਡੀਗੜ।
4. ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ।
4. ਵਧੀਕ ਡਾਇਰੈਕਟਰ ਜਨਰਲ ਪੁਲਿਸ, (ਲਾਅ ਅਤੇ ਆਰਡਰ) ਪੰਜਾਬ, ਚੰਡੀਗੜ।
5 ਜਿਲ੍ਹਾ ਅਤੇ ਸ਼ੈਸ਼ਨ ਜੱਜ,ਜਲੰਧਰ।
6 ਡਿਪਟੀ ਕਮਿਸ਼ਨਰ, ਜਲੰਧਰ।
7 ਕਮਿਸ਼ਨਰ ਨਗਰ ਨਿਗਮ,ਜਲੰਧਰ।
8. ਸਮੂਹ ਨਿਗਰਾਨ ਅਫਸਰ ਅਤੇ ਸਮੂਹ ਸਹਾਇਕ ਨਿਗਰਾਨ ਅਫਸਰ
9. ਜਿਲਾ ਲੋਕ ਸੰਪਰਕ ਅਫਸਰ,ਜਲੰਧਰ।
10. ਰੀਡਰ ਕਮਿਸ਼ਨਰ ਪੁਲਿਸ,ਜਲੰਧਰ।
11. ਰੀਡਰ ਡੀ.ਸੀ.ਪੀ.ਅਤੇ ਇੰਨਚਾਰਜ਼ ਕੰਪਿਊਟਰ ਨੂੰ ਵੈਬ ਸਾਈਟ ਅਪਡੇਟ ਕਰਨ ਸਬੰਧੀ।
12. ਇੰਚਾਰਜ਼ ਕੰਟਰੋਲ ਰੂਮ
13. ਸਮੂਹ ਮੁੱਖ ਅਫਸਰ ਥਾਣਾ ਜਾਤ ਕਮਿਸ਼ਨਰੇਟ ਜਲੰਧਰ।
14. ਮੁੱਖ ਕਲਰਕ

ਦਫਤਰ ਡਿਪਟੀ ਕਮਿਸ਼ਨਰ ਪੁਲਿਸ, ਕਮ ਕਾਰਜਕਾਰੀ ਮਜਿਸਟਰੇਟ ਜਲੰਧਰ।
OFFICE OF DEPUTY COMMISSIONER OF POLICE, CUM-EXECUTIVE MEGISTRATE JALANDHAR
Ph. 0181-2240431-32
95929-18509
Fax No. 0181-2452446
Email : cpjal@jalandharpolice.gov.in

## Order under Section 144 Cr.P.C.

In compliance of the orders passed by Hon'ble Supreme Court of India in Writ Petition (Civil) No.72 of 1998, reg. noise pollution with Civil Appeal No. 3735 of 2005 (arising out of SLP (C) No. 21851/2003), undersigned passes following orders under section 144 of Cr. P.C :-

1. The fire crackers noise level at the boundary of the public places, where loud speaker or public address system or any other noise sources is being used shall not exceed 10 dB (A) above the ambient noise standards for the area 7.5 dB (A) as whichever is lower.
2. No one shall beat a drum or tom-tom or blow a trumpet or beat or sound any Instrument or use any sound amplifier & D.J.'s at marriage palaces and hotels at night (between 10.00 PM to 6.00 AM) except in public emergencies.
3. The peripheral noise level of private owned sound system shall not exceed by more than 7.5 dB(A) that the ambient air quality standard specified for the area in which it is used, at the boundary of the private place.
4. No horn should be allowed to be used at night (between 10.00 PM to 06.00 AM) in residential areas.
5. If any violation of aforesaid orders is made then the sound instruments making such shall be confiscated.
6. This order shall remain in force from **14.07.2023 to 13.10.2023**
7. In view of urgency, this order is being passed ex-parte and is addressed to the public in general.

This order of mine should be brought to the notice of the general public by beating of the drums, by pasting its copies on the notice board of the office of the Commissioner of Police, A/DCP-I & II, ACPs and on the notice board of all the Police Stations. This order should also be relayed on Doordarshan and Akashwani through Public Relation Officer and its copies should also be pasted on the conspicuous places in the area falling under the jurisdiction of Police Commissionerate, Jalandhar.

Given order under my hand and seal of the court this **13.07.2023.**

Dy. Commissioner of Police Jalandhar

(Ankur Gupta), IPS,
Dy.Commissioner of Police,
Law & Order, Jalandhar.

Endst. No. 3807-3872 CP/JAL/Arms dated 13.7.23

Copies to the following :-

1. Principal Secretary, Department of Home Affairs & Justice, Punjab, Chandigarh.
2. Home Secretary, Department of Home Affairs & Justice, Punjab, Chandigarh
3. Director General of Police, Punjab, Chandigarh.
4. Addl. Director General of Police (Law & Order), Punjab, Chandigarh.
5. Commissioner, Jalandhar Division, Jalandhar.
6. Commissioner, Municipal Corporation, Jalandhar
7. Deputy Commissioner, Jalandhar.
8. District and Sessions Judge, Jalandhar
9. Reader Commissioner of Police, Jalandhar.
10. Reader Dy. Commissioner of Police, Jalandhar.
11. All GOs of Police Commissionerate, Jalandhar, for ensuring compliance.
12. D.P.R.O. Jalandhar for vide publicity in the jurisdiction of Police, Commissionerate, Jalandhar.
13. All SHOs, I/C CIA and I/C PPs, of Police Commissionerate, Jalandhar to ensure strict compliance.
14. In-charge computer Branch to update the website.
15. In-charge security, Control room & PCR Zones.
16. Head Clerk

ਦਫਤਰ ਡਿਪਟੀ ਕਮਿਸ਼ਨਰ ਪੁਲਿਸ, ਕਮ ਕਾਰਜਕਾਰੀ ਮਜਿਸਟਰੇਟ ਜਲੰਧਰ।
OFFICE OF DEPUTY COMMISSIONER OF POLICE, CUM-EXECUTIVE MEGISTRATE JALANDHAR
Ph. 0181-2240431-32
95929-18509
Fax No. 0181-2452446
Email : cpjal@jalandharpolice.gov.in

# ਹੁਕਮ

ਮੇਰੇ ਧਿਆਨ ਵਿੱਚ ਆਇਆ ਹੈ ਕਿ ਕਮਿਸ਼ਨਰੇਟ ਪੁਲਿਸ ਜਲੰਧਰ ਵਿਚ ਕੁੱਝ ਦੁਕਾਨਦਾਰ ਅਤੇ ਦਰਜ਼ੀ ਜੋ **ਪੁਲਿਸ/ਅਰਧ ਸੈਨਿਕ ਬੱਲ/ਸੈਨਿਕਾਂ ਦੀਆਂ ਵਰਦੀਆਂ** ਬਣਾ ਕੇ ਵੇਚਦੇ ਹਨ ਜਾਂ ਸਿਲਾਈ ਕਰਦੇ ਹਨ, ਗ੍ਰਾਹਕ ਦੀ ਦਰੁੱਸਤ ਸ਼ਨਾਖਤ ਤੋਂ ਬਿਨ੍ਹਾਂ ਹੀ ਉਸਨੂੰ ਵਰਦੀ ਸਿਲਾਈ ਕਰਕੇ ਵੇਚਦੇ ਹਨ, ਇਸ ਨਾਲ ਕੋਈ ਗੈਰ ਸਮਾਜਿਕ ਜਾਂ ਸ਼ਰਾਰਤੀ ਅਨਸਰ ਵਰਦੀ ਦੀ ਦੁਰ-ਵਰਤੋਂ ਕਰਦੇ ਹੋਏ ਕੋਈ ਅਣ-ਸੁਖਾਵੀਂ ਘਟਨਾ ਨੂੰ ਅੰਜਾਮ ਦੇ ਸਕਦੇ ਹਨ, ਜਿਸ ਨਾਲ ਅਮਨ ਕਾਨੂੰਨ ਦੀ ਸਥਿਤੀ ਨੂੰ ਖਤਰਾ ਹੋ ਸਕਦਾ ਹੈ।

ਇਸ ਲਈ ਮੈਂ **ਅੰਕੁਰ ਗੁਪਤਾ, ਆਈ.ਪੀ.ਐਸ. ਡਿਪਟੀ ਕਮਿਸ਼ਨਰ ਪੁਲਿਸ, ਲਾਅ ਐਂਡ ਆਰਡਰ, ਜਲੰਧਰ** ਜਾਬਤਾ ਫੋਜਦਾਰੀ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋ ਕਰਦਾ ਹੋਇਆ ਇਹ ਹੁਕਮ ਜਾਰੀ ਕਰਦਾ ਹਾਂ ਕਿ ਕੋਈ ਵੀ ਦੁਕਾਨਦਾਰ/ ਦਰਜ਼ੀ, ਸੈਨਿਕ/ ਅਰਧ ਸੈਨਿਕ ਬੱਲ /ਪੁਲਿਸ ਦੀ ਬਣੀ ਬਣਾਈ ਵਰਦੀ ਜਾਂ ਕੱਪੜਾ ਲੈ ਕੇ ਸੀਤੀ ਸਿਲਾਈ ਵਰਦੀ ਬਿਨ੍ਹਾਂ ਖਰੀਦਦਾਰ ਦੀ ਦਰੁਸਤ ਸ਼ਨਾਖਤ ਕੀਤੇ ਬਿਨਾਂ ਨਹੀਂ ਵੇਚੇਗਾ। ਵਰਦੀ ਖਰੀਦਣ ਵਾਲੇ ਵਿਅਕਤੀ ਦੇ ਫੋਟੋ ਸ਼ਨਾਖਤੀ ਕਾਰਡ ਜੋ ਸਮਰੱਥ ਅਧਿਕਾਰੀ ਵਲੋਂ ਉਸ ਨੂੰ ਜਾਰੀ ਕੀਤਾ ਗਿਆ ਹੋਵੇ ਦੀ ਸਵੈ-ਤਸਦੀਕ ਸ਼ੁਦਾ ਫੋਟੋ ਕਾਪੀ ਰੱਖੇਗਾ ਅਤੇ ਖਰੀਦਣ ਵਾਲੇ ਦਾ ਰੈਂਕ,ਨਾਮ,ਪਤਾ,ਫੋਨ ਨੰਬਰ ਅਤੇ ਤਾਇਨਾਤੀ ਦੇ ਸਥਾਨ ਸਬੰਧੀ ਰਿਕਾਰਡ ਰਜਿਸਟਰ ਪਰ ਮੇਨਟੇਨ ਕਰੇਗਾ। ਜੋ ਉਕਤ ਰਜ਼ਿਸਟਰ ਨੂੰ ਦੋ ਮਹੀਨਿਆਂ ਵਿਚ ਇਕ ਵਾਰ ਸਬੰਧਿਤ ਮੁੱਖ ਅਫਸਰ ਥਾਣਾ ਪਾਸੋਂ ਤਸਦੀਕ ਕਰਵਾਏਗਾ ਅਤੇ ਲੋੜ ਪੈਣ ਤੇ ਰਿਕਾਰਡ ਪੁਲਿਸ ਨੂੰ ਮੁਹੱਈਆ ਕਰੇਗਾ।

ਮਾਮਲੇ ਦੀ ਤੱਤਪਰਤਾ ਅਤੇ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕ ਤਰਫਾ ਅਤੇ ਆਮ ਜਨਤਾ ਨੂੰ ਸੰਬੋਧਿਤ ਕਰਕੇ ਪਾਸ ਕੀਤਾ ਜਾਂਦਾ ਹੈ। ਇਸ ਹੁਕਮ ਸਬੰਧੀ ਸਮੂਹ ਇਲਾਕਾ ਨਿਵਾਸੀਆਂ ਨੂੰ ਜਿਲ੍ਹਾ ਲੋਕ ਸੰਪਰਕ ਅਫਸਰ ਜਲੰਧਰ ਸਰਕਾਰੀ ਗੱਡੀ/ਪ੍ਰੈਸ/ਰੇਡੀਓ ਰਾਹੀਂ ਪ੍ਰਚਾਰ ਕਰਵਾ ਕੇ ਅਤੇ ਪੁਲਿਸ ਵਿਭਾਗ, ਹੁਕਮ ਦੀ ਨਕਲ ਦੀ ਕਾਪੀ ਦਫਤਰ ਕਮਿਸ਼ਨਰੇਟ ਪੁਲਿਸ ਜਲੰਧਰ, ਵਧੀਕ ਡਿਪਟੀ ਕਮਿਸ਼ਨਰ ਪੁਲਿਸ, ਸਹਾਇਕ ਕਮਿਸ਼ਨਰ ਪੁਲਿਸ ਜਲੰਧਰ ਅਤੇ ਥਾਣਿਆ ਦੇ ਨੋਟਸ ਬੋਰਡਾਂ ਤੇ ਚਿਪਕਾ ਕੇ ਸੂਚਿਤ ਕਰਨਗੇ। ਇਹ ਹੁਕਮ ਮਿਤੀ **14.07.2023 ਤੋਂ 13.10.2023** ਤੱਕ ਲਾਗੂ ਰਹੇਗਾ।

ਇਹ ਹੁਕਮ ਮੇਰੇ ਦਸਤਖਤ ਅਤੇ ਮੋਹਰ ਹੇਠ ਮਿਤੀ **13.07.2023** ਨੂੰ ਕੀਤਾ ਗਿਆ।

Dy. Commissioner of Police Jalandhar

(ਅੰਕੁਰ ਗੁਪਤਾ), ਆਈ.ਪੀ.ਐਸ.
ਡਿਪਟੀ ਕਮਿਸ਼ਨਰ ਪੁਲਿਸ,
ਲਾਅ ਐਂਡ ਆਰਡਰ, ਜਲੰਧਰ

ਨੰਬਰ 3609-3674 ਸੀ.ਪੀ/ਜਲੰ/ਆਰਮਜ, ਮਿਤੀ 13.7.23

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸੱਕਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਿਹਿ ਸੱਕਤਰ ਪੰਜਾਬ ਸਰਕਾਰ,ਚੰਡੀਗੜ੍ਹ।
3. ਪੰਜਾਬ ਸਰਕਾਰ ਗ੍ਰਿਹਿ ਮਾਮਲੇ ਅਤੇ ਨਿਆ ਵਿਭਾਗ (ਗ੍ਰਿਹਿ ਸ਼ਾਖਾ-4), ਪੰਜਾਬ ਚੰਡੀਗੜ੍ਹ।
4. ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ।
5. ਵਧੀਕ ਡਾਇਰੈਕਟਰ ਜਨਰਲ ਪੁਲਿਸ, (ਲਾਅ ਅਤੇ ਆਰਡਰ) ਪੰਜਾਬ, ਚੰਡੀਗੜ੍ਹ।
6. ਜਿਲ੍ਹਾ ਅਤੇ ਸ਼ੈਸ਼ਨ ਜੱਜ,ਜਲੰਧਰ।
8. ਡਿਪਟੀ ਕਮਿਸ਼ਨਰ, ਜਲੰਧਰ।
9. ਕਮਿਸ਼ਨਰ ਨਗਰ ਨਿਗਮ,ਜਲੰਧਰ।
10. ਸਮੂਹ ਨਿਗਰਾਨ ਅਫਸਰ ਅਤੇ ਸਮੂਹ ਸਹਾਇਕ ਨਿਗਰਾਨ ਅਫਸਰ
11. ਜਿਲਾ ਲੋਕ ਸੰਪਰਕ ਅਫਸਰ,ਜਲੰਧਰ।
12. ਰੀਡਰ ਕਮਿਸ਼ਨਰ ਪੁਲਿਸ,ਜਲੰਧਰ।
13. ਰੀਡਰ ਡੀ.ਸੀ.ਪੀ.ਅਤੇ ਇੰਨਚਾਰਜ਼ ਕੰਪਿਊਟਰ ਨੂੰ ਵੈਬ ਸਾਈਟ ਅਪਡੇਟ ਕਰਨ ਸਬੰਧੀ।
14. ਇੰਚਾਰਜ਼ ਕੰਟਰੋਲ ਰੂਮ
15. ਸਮੂਹ ਮੁੱਖ ਅਫਸਰ ਥਾਣਾ ਜਾਤ ਕਮਿਸ਼ਨਰੇਟ ਜਲੰਧਰ।
16. ਮੁੱਖ ਕਲਰਕ

ਦਫ਼ਤਰ ਡਿਪਟੀ ਕਮਿਸ਼ਨਰ ਪੁਲਿਸ, ਜਲੰਧਰ
OFFICE OF DEPUTY COMMISSIONER OF POLICE, JALANDHAR
Ph. 0181-2240431-32
95929-18509
Fax No. 0181-2452446
Email : cpjalandharpolice.gov.in

# ਹੁਕਮ

ਮੇਰੇ ਧਿਆਨ ਵਿੱਚ ਆਇਆ ਹੈ ਕਿ ਕਮਿਸ਼ਨਰੇਟ ਪੁਲਿਸ,ਜਲੰਧਰ ਵਿੱਚ ਜਿੰਨੇ ਵੀ ਹੋਟਲ/ਮੋਟਲ/ ਗੈਸਟ ਹਾਊਸ ਅਤੇ ਸਰ੍ਹਾਂਵਾਂ ਹਨ,ਉਨ੍ਹਾਂ ਦੇ ਪ੍ਰਬੰਧਕਾਂ ਵੱਲੋ ਠਹਿਰਾਣ ਵਾਲੇ ਵਿਅਕਤੀਆਂ/ਯਾਤਰੀਆਂ ਨੂੰ ਦਰੁਸਤ ਸ਼ਨਾਖਤ ਤੋ ਬਿਨ੍ਹਾਂ ਹੀ ਹੋਟਲ/ਮੋਟਲ/ਗੈਸਟ ਹਾਊਸ ਅਤੇ ਸਰ੍ਹਾਂਵਾਂ ਆਦਿ ਵਿੱਚ ਠਹਿਰਨ ਲਈ ਕਮਰਾ ਦੇ ਦਿੱਤਾ ਜਾਂਦਾ ਹੈ।ਇਸ ਨਾਲ ਕੋਈ ਗੈਰ ਸਮਾਜਿਕ/ਸ਼ਰਾਰਤੀ ਅਨਸਰ ਹੋਟਲ/ ਮੋਟਲ/ ਗੈਸਟ ਹਾਊਸ ਅਤੇ ਸਰਾਂਵਾਂ ਆਦਿ ਵਿੱਚ ਠਹਿਰ ਕੇ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਅੰਜਾਮ ਦੇ ਸਕਦੇ ਹਨ,ਜਿਸ ਨਾਲ ਅਮਨ ਕਾਨੂੰਨ ਦੀ ਸਥਿਤੀ ਨੂੰ ਖਤਰਾ ਹੋ ਸਕਦਾ ਹੈ।

ਇਸ ਲਈ ਮੈਂ **ਅੰਕੁਰ ਗੁਪਤਾ, ਆਈ.ਪੀ.ਐਸ. ਡਿਪਟੀ ਕਮਿਸ਼ਨਰ ਪੁਲਿਸ, ਲਾਅ ਐਂਡ ਆਰਡਰ, ਜਲੰਧਰ** ਜਾਬਤਾ ਫੌਜਦਾਰੀ ਸੰਘਤਾ 1973 ਦੀ ਧਾਰਾ 144 ਤਹਿਤ ਮਿਲੇ ਅਧਿਕਾਰਾਂ ਦੀ ਵਰਤੋ ਕਰਦਾ ਹੋਇਆ,ਇਹ ਹੁਕਮ ਜ਼ਾਰੀ ਕਰਦਾ ਹਾਂ ਕਿ ਕੋਈ ਵੀ ਹੋਟਲ/ਮੋਟਲ/ਗੈਸਟ ਹਾਊਸ ਅਤੇ ਸਰ੍ਹਾਂਵਾਂ ਆਦਿ ਦੇ ਮਾਲਕ/ਪ੍ਰਬੰਧਕ ਕਿਸੇ ਵੀ ਵਿਅਕਤੀ/ਯਾਤਰੀ ਨੂੰ ਉਸ ਦੀ ਸਨਾਖਤ ਕੀਤੇ ਬਿਨ੍ਹਾਂ ਨਹੀ ਠਹਿਰਾਏਗਾ। ਹੋਟਲ/ਮੋਟਲ/ਗੈਸਟ ਹਾਊਸ ਅਤੇ ਸਰ੍ਹਾਂਵਾਂ ਆਦਿ ਵਿੱਚ ਠਹਿਰਣ ਵਾਲੇ ਹਰੇਕ ਵਿਅਕਤੀ/ਯਾਤਰੀ ਦਾ ਵੈਲਿਡ ਫੋਟੋ ਸ਼ਨਾਖਤੀ ਕਾਰਡ ਜ਼ੋ ਸਮਰਥ ਅਧਿਕਾਰੀ ਵੱਲੋ ਉਸ ਨੂੰ ਜ਼ਾਰੀ ਕੀਤਾ ਗਿਆ ਹੋਵੇ, ਦੀ ਉਸ ਵਿਅਕਤੀ/ਯਾਤਰੀ ਵੱਲੋ ਸਵੈ ਤਸਦੀਕ ਸੁਦਾ ਫੋਟੋ ਕਾਪੀ ਬਤੌਰ ਰਿਕਾਰਡ ਰੱਖੇਗਾ ਅਤੇ ਵਿਆਕਤੀ/ਯਾਤਰੀ ਦਾ ਮੋਬਾਇਲ ਨੰਬਰ ਤਸਦੀਕ ਕਰਨਗੇ ਅਤੇ ਨਾਲ ਨੱਥੀ ਪ੍ਰੋਫਾਰਮੇ ਮੁਤਾਬਿਕ ਠਹਿਰਣ ਵਾਲੇ ਵਿਅਕਤੀ/ ਯਾਤਰੀ ਦਾ ਰਿਕਾਰਡ ਰਜਿਸਟਰ ਪਰ ਮੇਨਟੇਨ ਕਰੇਗਾ। ਹੋਟਲ/ਮੋਟਲ/ਗੈਸਟ ਹਾਊਸ ਅਤੇ ਸਰ੍ਹਾਂਵਾਂ ਵਿੱਚ ਠਹਿਰੇ ਹੋਏ ਵਿਅਕਤੀਆਂ/ਯਾਤਰੀਆਂ ਸਬੰਧੀ ਜਾਣਕਾਰੀ ਹਰ ਰੋਜ਼ ਸੁਭਾ 10 ਵਜ਼ੇ ਸਬੰਧਤ ਮੁੱਖ ਅਫਸਰ ਥਾਣਾ ਨੂੰ ਭੇਜਣਗੇ ਅਤੇ ਠਹਿਰੇ ਵਿਅਕਤੀਆਂ/ ਯਾਤਰੀਆਂ ਸਬੰਧੀ ਰਜਿਸਟਰ ਵਿੱਚ ਦਰਜ਼ ਰਿਕਾਰਡ ਨੂੰ ਹਰ ਸੋਮਵਾਰ ਨੂੰ ਸਬੰਧਤ ਮੁੱਖ ਅਫਸਰ ਥਾਣਾ ਪਾਸੋ ਤਸਦੀਕ ਕਰਵਾਉਣਗੇ ਅਤੇ ਲੋੜ ਪੈਣ ਤੇ ਰਿਕਾਰਡ ਪੁਲਿਸ ਨੂੰ ਮੁਹੱਈਆ ਕਰਵਾਉਣਗੇ। ਇਸ ਤੋ ਇਲਾਵਾ ਜਦੋ ਵੀ ਕੋਈ ਵਿਦੇਸ਼ੀ ਵਿਅਕਤੀ ਕਿਸੇ ਹੋਟਲ/ਮੋਟਲ/ਗੈਸਟ ਹਾਊਸ ਅਤੇ ਸਰਾਂਵਾਂ ਵਿੱਚ ਠਹਿਰਦਾ ਹੈ ਤਾਂ ਇਸ ਸੰਬਧੀ ਇਤਲਾਹ ਇੰਚਾਰਜ Foreigners Registration Office, ਦਫਤਰ ਕਮਿਸ਼ਨਰ ਪੁਲਿਸ, ਜਲੰਧਰ ਨੂੰ ਦਿੱਤੀ ਜਾਵੇ। ਇਸ ਤੋ ਇਲਾਵਾ ਹਰੇਕ ਹੋਟਲ/ਰੈਸਟੋਰੈਂਟ/ਮੋਟਲ/ਗੈਸਟ ਹਾਊਸ ਅਤੇ ਸਰ੍ਹਾਂਵਾਂ ਦੇ ਕੋਰੀਡੋਰ,ਲਿਫਟ,ਰਿਸ਼ਪੈਸ਼ਨ ਕਾਊਂਟਰ ਅਤੇ ਮੁੱਖ ਪ੍ਰਵੇਸ਼ ਦਰਵਾਜ਼ੇ ਪਰ ਸੀ.ਸੀ.ਟੀ.ਵੀ.ਕੈਮਰੇ ਲਗਾਏ ਜਾਣ।ਜੇਕਰ ਕੋਈ ਸ਼ੱਕੀ ਵਿਅਕਤੀ ਹੋਟਲ/ਰੈਸਟੋਰੈਂਟ/ ਮੋਟਲ/ਗੈਸਟ ਹਾਊਸ ਅਤੇ ਸਰ੍ਹਾਂ ਵਿਖੇ ਠਹਿਰਦਾ/ਆਉਂਦਾ ਹੈ ਜ਼ੋ ਕਿਸੇ ਪੁਲਿਸ ਕੇਸ ਵਿੱਚ ਲੋੜੀਂਦਾ ਹੈ ਜਾਂ ਕਿਸੇ ਹੋਟਲ/ਰੈਸਟੋਰੈਂਟ/ਮੋਟਲ/ਗੈਸਟ ਹਾਊਸ ਅਤੇ ਸਰ੍ਹਾਂ ਵਿੱਚੋ ਠਹਿਰੇ/ਆਏ ਵਿਅਕਤੀ/ਯਾਤਰੀ ਨੂੰ ਕਿਸੇ ਹੋਰ ਰਾਜ/ਜਿਲ੍ਹਾ ਦੀ ਪੁਲਿਸ ਵੱਲੋ ਗ੍ਰਿਫਤਾਰ ਕੀਤਾ ਜਾਂਦਾ ਹੈ ਤਾਂ ਹੋਟਲ/ਰੈਸਟੋਰੈਂਟ/ਮੋਟਲ/ਗੈਸਟ ਹਾਊਸ ਅਤੇ ਸਰਾਂ ਦਾ ਮਾਲਕ/ਪ੍ਰਬੰਧਕ ਤੁਰੰਤ ਇਸ ਦੀ ਸੂਚਨਾ ਸਬੰਧਤ ਥਾਣੇ/ਪੁਲਿਸ ਕੰਟਰੋਲ ਰੂਮ ਨੂੰ ਦੇਣ ਦੇ ਜਿੰਮੇਵਾਰ ਹੋਣਗੇ। ਇਹ ਹੁਕਮ ਮਿਤੀ **14.07.2023 ਤੋਂ 13.10.2023** ਤੱਕ ਲਾਗੂ ਰਹੇਗਾ।

ਮਾਮਲੇ ਦੀ ਤਤਪਰਤਾ ਅਤੇ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ, ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਤ ਕੀਤਾ ਜਾਦਾ ਹੈ।ਇਹ ਹੁਕਮ ਜਿਲ੍ਹਾਂ ਲੋਕ ਸਪੰਰਕ ਅਫਸਰ ਜਲੰਧਰ ਦੀ ਗੱਡੀ ਰਾਂਹੀ ਪ੍ਰਚਾਰ ਕਰਵਾ ਕੇ, ਦਫਤਰ ਕਮਿਸ਼ਨਰ ਪੁਲਿਸ, ਜਲੰਧਰ, ਵਧੀਕ ਡਿਪਟੀ ਕਮਿਸ਼ਨਰ ਪੁਲਿਸ, ਸਹਾਇਕ ਕਮਿਸ਼ਨਰ ਪੁਲਿਸ, ਜਲੰਧਰ ਅਤੇ ਥਾਣਿਆ ਦੇ ਨੋਟਿਸ ਬੋਰਡਾਂ ਤੇ ਨਕਲ ਚਿਪਕਾ ਕੇ ਲਾਗੂ ਕੀਤਾ ਜਾਵੇਗਾ। ਇਹ ਹੁਕਮ ਜਿਲਾ ਲੋਕ ਸੰਪਰਕ ਵਿਭਾਗ ਦੀ ਸਰਕਾਰੀ ਗੱਡੀ/ਪ੍ਰੈਸ/ਰੇਡੀਓ ਰਾਹੀ ਸਮੂਹ ਇਲਾਕਾ ਨਿਵਾਸੀਆਂ ਨੂੰ ਸੂਚਿਤ ਕਰਨਗੇ।

ਇਹ ਹੁਕਮ ਮੇਰੇ ਦਸਤਖਤ ਅਤੇ ਮੋਹਰ ਹੇਠ ਮਿਤੀ **13.07.2023** ਨੂੰ ਕੀਤਾ ਗਿਆ।

Dy. Commissioner of Police Jalandhar

(ਅੰਕੁਰ ਗੁਪਤਾ), ਆਈ.ਪੀ.ਐਸ.
ਡਿਪਟੀ ਕਮਿਸ਼ਨਰ ਪੁਲਿਸ,
ਲਾਅ ਐਂਡ ਆਰਡਰ, ਜਲੰਧਰ

ਨੰਬਰ 4071-4136 ਸੀ.ਪੀ/ਜਲੰ/ਆਰਮਜ ਮਿਤੀ 13.7.23

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸੱਕਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਿਹ ਸੱਕਤਰ ਪੰਜਾਬ ਸਰਕਾਰ,ਚੰਡੀਗੜ੍ਹ।
3. ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆ ਵਿਭਾਗ (ਗ੍ਰਹਿ ਸ਼ਾਖਾ-4), ਪੰਜਾਬ ਚੰਡੀਗੜ੍ਹ।
4. ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ।
5. ਵਧੀਕ ਡਾਇਰੈਕਟਰ ਜਨਰਲ ਪੁਲਿਸ, (ਲਾਅ ਅਤੇ ਆਰਡਰ) ਪੰਜਾਬ, ਚੰਡੀਗੜ੍ਹ।
6. ਜਿਲ੍ਹਾ ਅਤੇ ਸ਼ੈਸ਼ਨ ਜੱਜ, ਜਲੰਧਰ।
7. ਡਿਪਟੀ ਕਮਿਸ਼ਨਰ, ਜਲੰਧਰ।
8. ਕਮਿਸ਼ਨਰ ਨਗਰ ਨਿਗਮ, ਜਲੰਧਰ।
9. ਸਮੂਹ ਨਿਗਰਾਨ ਅਫਸਰ / ਸਮੂਹ ਸਹਾਇਕ ਨਿਗਰਾਨ ਅਫਸਰ, ਜਲੰਧਰ।
10. ਜਿਲ੍ਹਾ ਲੋਕ ਸੰਪਰਕ ਅਫਸਰ,ਜਲੰਧਰ।
11. ਰੀਡਰ ਕਮਿਸ਼ਨਰ ਪੁਲਿਸ, ਜਲੰਧਰ।
12. ਰੀਡਰ ਡੀ.ਸੀ.ਪੀ. ਅਤੇ ਇੰਚਾਰਜ ਕੰਪਿਊਟਰ ਨੂੰ ਵੈਬ ਸਾਈਟ ਅਪਡੇਟ ਕਰਨ ਸਬੰਧੀ।
13. ਇੰਚਾਰਜ ਕੰਟਰੋਲ ਰੂਮ।
14. ਸਮੂਹ ਮੁੱਖ ਅਫਸਰ ਥਾਣਾਜ਼ਾਤ, ਕਮਿਸ਼ਨਰੇਟ ਜਲੰਧਰ।
15. ਮੁੱਖ ਕਲਰਕ।

ਦਫਤਰ ਡਿਪਟੀ ਕਮਿਸ਼ਨਰ ਪੁਲਿਸ, ਕਮ ਕਾਰਜਕਾਰੀ ਮਜਿਸਟਰੇਟ ਜਲੰਧਰ।
OFFICE OF DEPUTY COMMISSIONER OF POLICE, CUM-EXECUTIVE MEGISTRATE JALANDHAR
Ph. 0181-2240431-32
95929-18509
Fax No. 0181-2452446
Email : cpjal@jalandharpolice.gov.in

## ਹੁਕਮ

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ ਜੀ ਦੇ ਦਫਤਰ ਦੇ ਪੱਤਰ ਨੰਬਰ 32489-532 ਮਿਤੀ 08.08.2017 ਰਾਹੀਂ ਨੋਟੀਫਿਕੇਸ਼ਨ ਨੰਬਰ 6(2) ਨਾਲ ਸੂਚਿਤ ਕੀਤਾ ਗਿਆ ਹੈ ਕਿ ਸਮੂਹ ਪਟਾਖਿਆਂ ਦੇ ਨਿਰਮਾਣਕਾਂ/ਡੀਲਰਾਂ ਦੁਆਰਾ ਪਟਾਖਿਆਂ ਦੇ ਪੈਕਟਾਂ ਉੱਪਰ ਆਵਾਜ਼ ਦਾ ਲੈਬਲ (ਡੈਸੀਬਲ ਵਿਚ) ਪ੍ਰਿੰਟ ਕੀਤਾ ਜਾਣਾ ਚਾਹੀਦਾ ਹੈ। ਨਿਯਮਾਂ ਅਨੁਸਾਰ ਪਟਾਖਿਆਂ ਦੀ ਆਵਾਜ਼ ਦਾ ਲੈਬਲ, ਪਟਾਖਾ ਵਿਸਫੋਟ ਹੋਣ ਵਾਲੀ ਜਗ੍ਹਾ ਤੋਂ 04 ਮੀਟਰ ਦੀ ਦੂਰੀ ਵਿਚ 125 dB(AI) ਜਾਂ 145 dB(C) ਤੋਂ ਵੱਧ ਹੋਣਾ ਵਰਜਿਤ ਹੈ। ਇਸ ਨਾਲ ਆਮ ਜਨ-ਜੀਵਨ ਦੀ ਸਿਹਤ ’ਤੇ ਬੁਰਾ ਪ੍ਰਭਾਵ ਪੈਂਦਾ ਹੈ। ਵਿਆਹਾਂ ਦੇ ਮੌਕੇ ਅਤੇ ਤਿਉਹਾਰਾਂ ਦੇ ਮੌਕੇ ’ਤੇ ਆਤਿਸ਼ਬਾਜੀ/ਪਟਾਖਿਆਂ ਦੀ ਵਰਤੋਂ ਕਰਨ ਨਾਲ ਜਨਤਕ ਸ਼ਾਂਤੀ ਭੰਗ ਹੋਣ ਅਤੇ ਦੁਰਘਟਨਾਵਾਂ ਹੋਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ ਅਤੇ ਇਸ ਨਾਲ ਸਰਕਾਰੀ ਅਤੇ ਗੈਰ ਸਰਕਾਰੀ ਜਾਇਦਾਦ ਦੇ ਨੁਕਸਾਨ ਹੋਣ ਦਾ ਅੰਦੇਸ਼ਾ ਵੀ ਵੱਧ ਜਾਂਦਾ ਹੈ। ਇਸ ਲਈ ਇਸ ’ਤੇ ਪਾਬੰਦੀ ਲਗਾਉਣੀ ਅਤਿ ਜਰੂਰੀ ਹੈ।

ਇਸ ਲਈ ਮੈਂ **ਅੰਕੁਰ ਗੁਪਤਾ, ਆਈ.ਪੀ.ਐਸ. ਡਿਪਟੀ ਕਮਿਸ਼ਨਰ ਪੁਲਿਸ, ਲਾਅ ਐਂਡ ਆਰਡਰ, ਜਲੰਧਰ** ਜਾਬਤਾ ਫੌਜਦਾਰੀ ਸੰਘਤਾ-1973 ਦੀ ਧਾਰਾ-144 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਪੁਲਿਸ ਕਮਿਸ਼ਨਰੇਟ, ਜਲੰਧਰ ਦੇ ਇਲਾਕਾ ਵਿੱਚ ਅਮਨ ਅਤੇ ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ ਅਤੇ ਆਮ ਜਨਤਾ ਦੀ ਜਾਨ-ਮਾਲ ਦੀ ਰਾਖੀ ਨੂੰ ਯਕੀਨੀ ਬਣਾਉਂਣ ਲਈ ਇਹ ਹੁਕਮ ਜਾਰੀ ਕਰਦਾ ਹਾਂ ਕਿ ਸਮੂਹ ਪਟਾਕਿਆਂ ਦੇ ਨਿਰਮਾਣਕਾਂ/ਡੀਲਰਾਂ ਨੂੰ ਹੁਕਮ ਜਾਰੀ ਕਰਦਾ ਹਾਂ ਕਿ ਪਟਾਖਿਆਂ ਦੇ ਪੈਕਟਾਂ ਉੱਪਰ ਆਵਾਜ਼ ਦਾ ਲੈਬਲ (ਡੈਸੀਬਲ ਵਿਚ) ਪ੍ਰਿੰਟ ਹੋਣਾ ਚਾਹੀਦਾ ਹੈ।

ਮਾਮਲੇ ਦੀ ਤੱਤਪਰਤਾ ਅਤੇ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕ ਤਰਫਾ ਅਤੇ ਆਮ ਜਨਤਾ ਨੂੰ ਸੰਬੋਧਿਤ ਕਰਕੇ ਪਾਸ ਕੀਤਾ ਜਾਂਦਾ ਹੈ। ਇਸ ਹੁਕਮ ਸਬੰਧੀ ਸਮੂਹ ਇਲਾਕਾ ਨਿਵਾਸੀਆਂ ਨੂੰ ਜਿਲ੍ਹਾ ਲੋਕ ਸੰਪਰਕ ਅਫਸਰ ਜਲੰਧਰ ਸਰਕਾਰੀ ਗੱਡੀ/ਪ੍ਰੈਸ/ਰੇਡੀਓ ਰਾਹੀਂ ਪ੍ਰਚਾਰ ਕਰਵਾ ਕੇ ਅਤੇ ਪੁਲਿਸ ਵਿਭਾਗ ਹੁਕਮ ਦੀ ਨਕਲ ਕਾਪੀ ਦਫਤਰ ਕਮਿਸ਼ਨਰੇਟ ਪੁਲਿਸ ਜਲੰਧਰ, ਵਧੀਕ ਡਿਪਟੀ ਕਮਿਸ਼ਨਰ ਪੁਲਿਸ, ਸਹਾਇਕ ਕਮਿਸ਼ਨਰ ਪੁਲਿਸ ਜਲੰਧਰ ਅਤੇ ਥਾਣਿਆ ਦੇ ਨੋਟਸ ਬੋਰਡਾਂ ਤੇ ਚਿਪਕਾ ਕੇ ਸੂਚਿਤ ਕਰਨਗੇ। ਇਹ ਹੁਕਮ ਮਿਤੀ **14.07.2023 ਤੋਂ 13.10.2023** ਤੱਕ ਲਾਗੂ ਰਹੇਗਾ।

ਇਹ ਹੁਕਮ ਮੇਰੇ ਦਸਤਖ਼ਤ ਅਤੇ ਮੋਹਰ ਹੇਠ ਮਿਤੀ **13.07.2023** ਨੂੰ ਕੀਤਾ ਗਿਆ।

Dy. Commissioner of Police Jalandhar

(ਅੰਕੁਰ ਗੁਪਤਾ), ਆਈ.ਪੀ.ਐਸ.
ਡਿਪਟੀ ਕਮਿਸ਼ਨਰ ਪੁਲਿਸ,
ਲਾਅ ਐਂਡ ਆਰਡਰ, ਜਲੰਧਰ

3608
ਨੰਬਰ 3549 ਸੀ.ਪੀ/ਜਲੰ/ਆਰਮਜ ਮਿਤੀ 13.7.23

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸੱਕਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਹਿ ਸੱਕਤਰ ਪੰਜਾਬ ਸਰਕਾਰ,ਚੰਡੀਗੜ੍ਹ।
3. ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆ ਵਿਭਾਗ (ਗ੍ਰਹਿ ਸ਼ਾਖਾ-4), ਪੰਜਾਬ ਚੰਡੀਗੜ੍ਹ।
4. ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ।
5. ਵਧੀਕ ਡਾਇਰੈਕਟਰ ਜਨਰਲ ਪੁਲਿਸ, (ਲਾਅ ਅਤੇ ਆਰਡਰ) ਪੰਜਾਬ, ਚੰਡੀਗੜ੍ਹ।
6. ਜਿਲ੍ਹਾ ਅਤੇ ਸ਼ੈਸ਼ਨ ਜੱਜ, ਜਲੰਧਰ।
7. ਡਿਪਟੀ ਕਮਿਸ਼ਨਰ, ਜਲੰਧਰ।
8. ਕਮਿਸ਼ਨਰ ਨਗਰ ਨਿਗਮ, ਜਲੰਧਰ।
9. ਸਮੂਹ ਨਿਗਰਾਨ ਅਫਸਰ / ਸਮੂਹ ਸਹਾਇਕ ਨਿਗਰਾਨ ਅਫਸਰ, ਜਲੰਧਰ।
10. ਜਿਲ੍ਹਾ ਲੋਕ ਸੰਪਰਕ ਅਫਸਰ,ਜਲੰਧਰ।
11. ਰੀਡਰ ਕਮਿਸ਼ਨਰ ਪੁਲਿਸ, ਜਲੰਧਰ।
12. ਰੀਡਰ ਡੀ.ਸੀ.ਪੀ. ਅਤੇ ਇੰਚਾਰਜ ਕੰਪਿਊਟਰ ਨੂੰ ਵੈਬ ਸਾਈਟ ਅਪਡੇਟ ਕਰਨ ਸਬੰਧੀ।
13. ਇੰਚਾਰਜ ਕੰਟਰੋਲ ਰੂਮ।
14. ਸਮੂਹ ਮੁੱਖ ਅਫਸਰ ਥਾਣਾਜ਼ਾਤ, ਕਮਿਸ਼ਨਰੇਟ ਜਲੰਧਰ।
15. ਮੁੱਖ ਕਲਰਕ।

ਦਫਤਰ ਡਿਪਟੀ ਕਮਿਸ਼ਨਰ ਪੁਲਿਸ, ਜਲੰਧਰ
OFFICE OF DEPUTY COMMISSIONER OF POLICE, JALANDHAR
Ph. 0181-2240431-32
95929-18509
Fax No. 0181-2452446
Email : cpjalandharpolice.gov.in

## ਹੁਕਮ

ਮੇਰੇ ਵੇਖਣ ਵਿੱਚ ਆਇਆ ਹੈ ਕਿ ਕਮਿਸ਼ਨਰੇਟ ਜਲੰਧਰ ਦੀ ਹਦੂਦ ਅੰਦਰ ਅਮਨ ਅਤੇ ਕਾਨੂੰਨ ਕਾਇਮ ਰੱਖਣ ਲਈ ਲੋਕਾ ਵਿੱਚ ਅਮਨ ਅਤੇ ਸ਼ਾਤੀ ਵਿੱਚ ਖਲਲ ਪੈਦਾ ਹੋਣ ਤੋਂ ਸੁਰੱਖਿਆ ਲਈ ਜਰੂਰੀ ਹੈ ਕਿ ਕਿਸੇ ਕਿਸਮ ਦਾ ਹਥਿਆਰ ਜਿਵੇ ਕਿ ਬੇਸਬਾਲ, ਤੇਜ ਹਥਿਆਰ, ਨੋਕੀਲਾ ਹਥਿਆਰ ਜਾਂ ਕੋਈ ਵੀ ਜਾਨਲੇਵਾ ਹਥਿਆਰ, ਗੱਡੀ ਵਿੱਚ ਰੱਖ ਕੇ ਚੱਲਣ 'ਤੇ ਪਾਬੰਦੀ ਲਗਾਈ ਜਾਵੇ।

ਇਸ ਲਈ ਉਪਰੋਕਤ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਮੈਂ **ਅੰਕੁਰ ਗੁਪਤਾ, ਆਈ.ਪੀ.ਐਸ. ਡਿਪਟੀ ਕਮਿਸ਼ਨਰ ਪੁਲਿਸ, ਲਾਅ ਐਂਡ ਆਰਡਰ, ਜਲੰਧਰ** ਜਾਬਤਾ ਫੋਜਦਾਰੀ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋ ਕਰਦਾ ਹੋਇਆ **ਕਮਿਸ਼ਨਰੇਟ ਪੁਲਿਸ ਜਲੰਧਰ ਦੀ ਹਦੂਦ ਅੰਦਰ ਕਿਸੇ ਕਿਸਮ ਦਾ ਹਥਿਆਰ ਜਿਵੇਂ ਕਿ ਬੇਸਬਾਲ, ਤੇਜ਼ ਹਥਿਆਰ, ਨੋਕੀਲਾ ਹਥਿਆਰ ਜਾਂ ਕੋਈ ਵੀ ਜਾਨਲੇਵਾ ਹਥਿਆਰ ਗੱਡੀ ਵਿੱਚ ਰੱਖ ਕੇ ਚੱਲਣ 'ਤੇ ਪਾਬੰਦੀ ਲਗਾਉਂਦਾ ਹਾਂ।** ਮਾਮਲੇ ਦੀ ਤੱਤਪਰਤਾ ਅਤੇ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਜਾਦਾ ਹੈ ਕਿ ਇਹ ਹੁਕਮ ਮਿਤੀ **14.07.2023 ਤੋਂ 13.10.2023** ਤੱਕ ਲਾਗੂ ਰਹੇਗਾ।

ਮਾਮਲੇ ਦੀ ਤਤਪਰਤਾ ਅਤੇ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਦਾ ਹੈ ਅਤੇ ਆਮ ਜਨਤਾ ਨੂੰ ਸਬੋਧਿਤ ਕੀਤਾ ਜਾਦਾ ਹੈ। ਇਹ ਹੁਕਮ ਜਿਲਾਂ ਲੋਕ ਸਪੰਰਕ ਅਫਸਰ ਜਲੰਧਰ ਦੀ ਗੱਡੀ ਰਾਂਹੀ ਪ੍ਰਚਾਰ ਕਰਵਾ ਕੇ, ਦਫਤਰ ਕੀਮਸ਼ਨਰ ਪੁਲਿਸ,ਜਲੰਧਰ, ਵਧੀਕ ਡਿਪਟੀ ਕਮਿਸ਼ਨਰ ਪੁਲਿਸ, ਸਹਾਇਕ ਕਮਿਸ਼ਨਰ ਪੁਲਿਸ, ਜਲੰਧਰ ਅਤੇ ਥਾਣਿਆ ਦੇ ਨੋਟਿਸ ਬੋਰਡਾਂ ਤੇ ਇਸ ਹੁਕਮ ਦੀ ਨਕਲ ਚਿਪਕਾ ਕੇ ਲਾਗੂ ਕੀਤਾ ਜਾਵੇਗਾ। ਇਹ ਹੁਕਮ ਜਿਲਾ ਲੋਕ ਸੰਪਰਕ ਵਿਭਾਗ ਦੀ ਸਰਕਾਰੀ ਗੱਡੀ/ਪ੍ਰੈਸ/ਰੇਡੀਓ ਰਾਹੀ ਸਮੂਹ ਇਲਾਕਾ ਨਿਵਾਸੀਆਂ ਨੂੰ ਸੂਚਿਤ ਕਰਨਗੇ।

ਇਹ ਹੁਕਮ ਮੇਰੇ ਦਸਤਖਤ ਅਤੇ ਮੋਹਰ ਹੇਠ ਮਿਤੀ **13.07.2023** ਨੂੰ ਕੀਤਾ ਗਿਆ।

Dy. Commissioner of Police Jalandhar

(ਅੰਕੁਰ ਗੁਪਤਾ), ਆਈ.ਪੀ.ਐਸ.
ਡਿਪਟੀ ਕਮਿਸ਼ਨਰ ਪੁਲਿਸ,
ਲਾਅ ਐਂਡ ਆਰਡਰ, ਜਲੰਧਰ

3543
ਨੰਬਰ 3478- /ਸੀ.ਪੀ/ਜਲੰ/ਆਰਮਜ ਮਿਤੀ 13.7.23

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸੱਕਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਹਿ ਸੱਕਤਰ, ਪੰਜਾਬ ਸਰਕਾਰ,ਚੰਡੀਗੜ੍ਹ।
3. ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆ ਵਿਭਾਗ (ਗ੍ਰਹਿ ਸ਼ਾਖਾ-4), ਪੰਜਾਬ, ਚੰਡੀਗੜ੍ਹ।
4. ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ।
5. ਵਧੀਕ ਡਾਇਰੈਕਟਰ ਜਨਰਲ ਪੁਲਿਸ, (ਲਾਅ ਅਤੇ ਆਰਡਰ) ਪੰਜਾਬ, ਚੰਡੀਗੜ੍ਹ।
6. ਜਿਲ੍ਹਾ ਅਤੇ ਸੈਸ਼ਨ ਜੱਜ, ਜਲੰਧਰ।
7. ਡਿਪਟੀ ਕਮਿਸ਼ਨਰ, ਜਲੰਧਰ।
8. ਕਮਿਸ਼ਨਰ ਨਗਰ ਨਿਗਮ, ਜਲੰਧਰ।
9. ਸਮੂਹ ਨਿਗਰਾਨ ਅਫਸਰ / ਸਮੂਹ ਸਹਾਇਕ ਨਿਗਰਾਨ ਅਫਸਰ, ਜਲੰਧਰ।
10. ਜਿਲ੍ਹਾ ਲੋਕ ਸੰਪਰਕ ਅਫਸਰ,ਜਲੰਧਰ।
11. ਰੀਡਰ ਕਮਿਸ਼ਨਰ ਪੁਲਿਸ, ਜਲੰਧਰ।
12. ਰੀਡਰ ਡੀ.ਸੀ.ਪੀ. ਅਤੇ ਇੰਚਾਰਜ ਕੰਪਿਊਟਰ ਨੂੰ ਵੈਬ ਸਾਈਟ ਅਪਡੇਟ ਕਰਨ ਸਬੰਧੀ।
13. ਇੰਚਾਰਜ ਕੰਟਰੋਲ ਰੂਮ।
14. ਸਮੂਹ ਮੁੱਖ ਅਫਸਰ ਥਾਣਾਜ਼ਾਤ, ਕਮਿਸ਼ਨਰੇਟ ਜਲੰਧਰ।
15. ਮੁੱਖ ਕਲਰਕ।